Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post



JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



To view our online newspaper visit punjabipost.ca/epaper | Vol 21* Issue 212 | Monday, November 07, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ


# 2,200 ਗੋ ਟਰਾਂਜ਼ਿਟ ਵਰਕਰ ਅੱਜ ਤੋਂ ਕਰਨਗੇ ਹੜਤਾਲ

ਓਨਟਾਰੀਓ, 6 ਨਵੰਬਰ (ਪੋਸਟ ਬਿਊਰੋ) : ਕਿਸੇ ਤਰ੍ਹਾਂ ਦੀ ਡੀਲ ਸਿਰੇ ਨਾ ਚੜ੍ਹਨ ਕਾਰਨ ਗੋ ਟਰਾਂਜ਼ਿਟ ਦੇ 2,200 ਵਰਕਰ ਸੋਮਵਾਰ ਤੋਂ ਹੜਤਾਲ ਉੱਤੇ ਜਾਣਗੇ। ਗੋ ਟਰਾਂਜ਼ਿਟ ਤੇ ਸਰਕਾਰ ਦਰਮਿਆਨ ਨਵੇਂ ਕਾਂਟਰੈਕਟ ਦੇ ਸਬੰਧ ਵਿੱਚ ਡੀਲ ਸਿਰੇ ਨਹੀਂ ਚੜ੍ਹ ਸਕੀ।



ਮੈਟਰੋਲਿੰਕਸ ਦੇ ਤਰਜ਼ਮਾਨ ਐਨੀ ਮੈਰੀ ਆਇਕਿੰਜ਼ ਨੇ ਆਖਿਆ ਕਿ ਸੋਮਵਾਰ ਤੋਂ ਕੋਈ ਬੱਸ ਸਰਵਿਸ ਮੁਹੱਈਆ ਨਹੀਂ ਕਰਵਾਈ ਜਾਵੇਗੀ। ਰੇਲਗੱਡੀਆਂ ਨਿਰਧਾਰਤ ਸ਼ਡਿਊਲ ਮੁਤਾਬਕ ਚੱਲਦੀਆਂ ਰਹਿਣਗੀਆਂ। ਜਿਹੜੀਆਂ ਬੱਸਾਂ 6 ਨਵੰਬਰ ਨੂੰ ਸ਼ਡਿਊਲ ਮੁਤਾਬਕ ਕੰਮ ਕਰਨਗੀਆਂ ਉਹ 7 ਨਵੰਬਰ ਦੀ ਅੱਧੀ ਰਾਤ ਤੋਂ ਚੱਲਣਾ ਬੰਦ ਕਰ ਦੇਣਗੀਆਂ।ਏਟੀਯੂ ਲੋਕਲ 1587 ਵੱਲੋਂ ਸੋਮਵਾਰ ਸਵੇਰੇ 9:00 ਵਜੇ ਟੋਰਾਂਟੋ ਵਿੱਚ ਮੇਪਲ ਲੀਫ ਸਕੁਏਅਰ ਉੱਤੇ ਪ੍ਰੈੱਸ ਕਾਨਫਰੰਸ ਕਰਕੇ ਹੜਤਾਲ ਸਬੰਧੀ ਹੋਰ ਜਾਣਕਾਰੀ ਦਿੱਤੀ ਜਾਵੇਗੀ।

ਲੋਕਲ 1587 ਦੇ ਪ੍ਰੈਜ਼ੀਡੈਂਟ ਰੌਬ ਕੌਰਮੀਅਰ ਨੇ ਆਖਿਆ ਕਿ ਯੂਨੀਅਨ ਦੇ ਚਾਰ ਅਹਿਮ ਮੁੱਦਿਆਂ ਵਿੱਚੋਂ ਕਿਸੇ ਬਾਰੇ ਵੀ ਤਫਸੀਲ ਨਾਲ ਵਿਚਾਰ ਵਟਾਂਦਰਾ ਕਰਨ ਤੇ ਕੋਈ ਵਿਚਲਾ ਰਾਹ ਨਾ ਸੁਝਾਉਣ ਕਾਰਨ ਹੀ ਮੈਟਰੋਲਿੰਕਸ ਨਾਲ ਗੱਲਬਾਤ ਸਿਰੇ ਨਹੀਂ ਲੱਗ ਸਕੀ। ਉਨ੍ਹਾਂ ਆਖਿਆ ਕਿ ਪਿਛਲੇ ਸੱਤ ਮਹੀਨਿਆਂ ਤੋਂ ਵੀ ਵੱਧ ਸਮੇਂ ਤੋਂ ਅਸੀਂ ਟਰਾਂਜ਼ਿਟ ਵਿੱਚ ਕਿਸੇ ਕਿਸਮ ਦਾ ਅੜਿੱਕਾ ਪਾਏ ਬਿਨਾਂ ਗੱਲਬਾਤ ਕਰ ਰਹੇ ਹਾਂ ਪਰ ਮੈਟਰੋਲਿੰਕਸ ਦੇ ਵਾਰਤਾਕਾਰਾਂ ਦਾ ਗੱਲਬਾਤ ਸਿਰੇ ਚੜ੍ਹਾਉਣ ਦਾ ਕੋਈ ਇਰਾਦਾ ਨਹੀਂ ਹੈ। ਯੂਨੀਅਨ ਦਾ ਕਹਿਣਾ ਹੈ ਕਿ 81 ਫੀ ਸਦੀ ਮੈਂਬਰਾਂ ਵੱਲੋਂ ਪਿਛਲੀ ਕਾਂਟਰੈਕਟ ਆਫਰ ਦੇ ਖਿਲਾਫ ਵੋਟ ਪਾਏ ਜਾਣ ਤੋਂ ਬਾਅਦ ਹੀ ਹੜਤਾਲ ਕਰਨ ਦਾ ਫੈਸਲਾ ਕੀਤਾ ਗਿਆ ਹੈ।

# 12 ਦਸੰਬਰ ਨੂੰ ਹੋਣਗੀਆਂ ਮਿਸੀਸਾਗਾ-ਲੇਕਸ਼ੋਰ ਹਲਕੇ ਵਿਚ ਜ਼ਿਮਨੀ ਚੋਣਾਂ

ਮਿਸੀਸਾਗਾ, 6 ਨਵੰਬਰ (ਪੋਸਟ ਬਿਊਰੋ) : ਮਿਸੀਸਾਗਾ-ਲੇਕਸ਼ੋਰ ਹਲਕੇ ਲਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਐਤਵਾਰ ਨੂੰ ਜ਼ਿਮਨੀ ਚੋਣਾਂ ਕਰਵਾਉਣ ਦਾ ਐਲਾਨ ਕੀਤਾ ਗਿਆ।



12 ਦਸੰਬਰ ਨੂੰ ਹਲਕੇ ਦੇ ਵੋਟਰ ਆਪਣੇ ਲਈ ਨਵੇਂ ਪਾਰਲੀਆਮੈਂਟ ਮੈਂਬਰ ਦੀ ਚੋਣ ਕਰਨਗੇ। ਮਿਸੀਸਾਗਾ-ਲੇਕਸ਼ੋਰ ਦੀ ਸੀਟ ਲਿਬਰਲ ਐਮਪੀ ਸਵੈਨ ਸਪੈਂਜ਼ਮੈਨ ਵੱਲੋਂ ਮਈ ਵਿੱਚ ਅਹੁਦਾ ਛੱਡਣ ਕਾਰਨ ਖਾਲੀ ਹੋ ਗਈ ਸੀ। ਸਪੈਂਜ਼ਮੈਨ ਨੇ ਸੰਯੁਕਤ ਰਾਸ਼ਟਰ ਵਿੱਚ ਪੁਜ਼ੀਸ਼ਨ ਹਾਸਲ ਕਰਨ ਲਈ ਆਪਣੀ ਇਹ ਸੀਟ ਛੱਡੀ ਸੀ। ਸ਼ਨਿੱਚਰਵਾਰ ਨੂੰ ਲਿਬਰਲਾਂ ਨੇ ਐਲਾਨ ਕੀਤਾ ਸੀ ਕਿ ਸਾਬਕਾ ਪ੍ਰੋਵਿੰਸ਼ੀਅਲ ਵਿੱਤ ਮੰਤਰੀ ਚਾਰਲਸ ਸੌਸਾ ਇਸ ਹਲਕੇ ਤੋਂ ਚੋਣ ਲੜਨਗੇ।

ਪੀਲ ਪੁਲਿਸ ਅਧਿਕਾਰੀ ਰੌਨ ਛਿੰਜਰ ਨੇ ਟੋਰੀਜ਼ ਲਈ ਇਸ ਹਲਕੇ ਤੋਂ ਚੋਣ ਲੜਨ ਦੀ ਆਪਣੀ ਮੰਸ਼ਾ ਪ੍ਰਗਟਾਈ ਹੈ। ਐਨਡੀਪੀ ਵੱਲੋਂ ਸਾਬਕਾ ਪ੍ਰੋਵਿੰਸ਼ੀਅਲ ਕੌਂਸਟੀਚੁਐਂਸੀ ਅਸਿਸਟੈਂਟ ਜੂਲੀਆ ਕੋਲ ਨੇ ਅਤੇ ਗ੍ਰੀਨਜ਼ ਲਈ ਮਿਸੀਸਾਗਾ ਵਿੱਚ ਹੀ ਰਹਿਣ ਵਾਲੀ ਮੈਰੀ ਕਿਡਨਿਊ ਨੇ ਦਾਅਵੇਦਾਰੀ ਪੇਸ਼ ਕੀਤੀ ਹੈ।

# ਕੋਵਿਡ-19 ਦੇ ਇਲਾਜ ਲਈ ਪੈਕਸਲੋਵਿਡ ਪ੍ਰਿਸਕ੍ਰਾਈਬ ਕਰ ਸਕਣਗੇ ਫਾਰਮਾਸਿਸਟ!

ਓਨਟਾਰੀਓ, 6 ਨਵੰਬਰ (ਪੋਸਟ ਬਿਊਰੋ) : ਓਨਟਾਰੀਓ ਵੱਲੋਂ ਫਾਰਮਾਸਿਸਟਸ ਨੂੰ ਇਹ ਇਜਾਜ਼ਤ ਦੇਣ ਉੱਤੇ ਵਿਚਾਰ ਕੀਤਾ ਜਾ ਰਿਹਾ ਹੈ ਕਿ ਕੋਵਿਡ-19 ਦੇ ਇਲਾਜ ਲਈ ਉਹ ਪੈਕਸਲੋਵਿਡ ਦਵਾਈ ਦੀ ਵਰਤੋਂ ਕਰਨ ਦਾ ਸੁਝਾਅ ਦੇ ਸਕਦੇ ਹਨ। ਇਹ ਖੁਲਾਸਾ ਪ੍ਰੋਵਿੰਸ ਦੇ ਉੱਘੇ ਡਾਕਟਰ ਕੀਰਨ ਮੂਰ ਵੱਲੋਂ ਕੀਤਾ ਗਿਆ।



ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ. ਕੀਰਨ ਮੂਰ ਨੇ ਆਖਿਆ ਕਿ ਨੇੜ ਭਵਿੱਖ ਵਿੱਚ ਹੈਲਥ ਸਿਸਟਮ ਨੂੰ ਕੋਵਿਡ-19 ਦੇ ਤੀਹਰੇ ਖਤਰੇ, ਮਾੜੇ ਫਲੂ ਸੀਜ਼ਨ ਤੇ ਬੱਚਿਆਂ ਵਿੱਚ ਰੈਸਪੀਰੇਟਰੀ ਵਾਇਰਸ ਦਾ ਸਾਹਮਣਾ ਕਰਨਾ ਪੈ ਸਕਦਾ ਹੈ।ਉਨ੍ਹਾਂ ਆਖਿਆ ਕਿ ਕੋਵਿਡ-19 ਤੋਂ ਪੀੜਤ ਲੋਕਾਂ ਨੂੰ ਹਸਪਤਾਲਾਂ ਤੋਂ ਬਾਹਰ ਰੱਖਣ ਲਈ ਦਵਾਈਆਂ ਦੀ ਬਹੁਤਾਤ ਵਿੱਚ ਉਪਲਬਧਤਾ ਯਕੀਨੀ ਬਣਾਏ ਜਾਣ ਦੀ ਲੋੜ ਹੈ।ਇਸ ਦੇ ਨਾਲ ਹੀ ਪੇਂਡੂ ਇਲਾਕਿਆਂ ਵੱਲ ਵੀ ਵਿਸ਼ੇਸ਼ ਧਿਆਨ ਦਿੱਤੇ ਜਾਣ ਦੀ ਲੋੜ ਹੈ।

ਇੱਕ ਇੰਟਰਵਿਊ ਵਿੱਚ ਮੂਰ ਨੇ ਆਖਿਆ ਕਿ ਸਰਕਾਰ ਇਸ ਗੱਲ ਦਾ ਮੁਲਾਂਕਣ ਕਰ ਰਹੀ ਹੈ ਕਿ ਪਾਜ਼ੀਟਿਵ ਟੈਸਟ ਤੋਂ ਬਾਅਦ ਫਾਰਮਾਸਿਸਟ ਸਿੱਧੇ ਤੌਰ ਉੱਤੇ ਇਸ ਦਵਾਈ ਦੀ ਵਰਤੋਂ ਦਾ ਸੁਝਾਅ ਮਰੀਜ਼ ਨੂੰ ਦੇ ਸਕਣ।ਦੂਰ ਦਰਾਜ਼ ਦੇ ਇਲਾਕਿਆਂ ਵਿੱਚ ਇਸ ਮਾਮਲੇ ਵਿੱਚ ਖਾਸ ਚਿੰਤਾ ਪ੍ਰਗਟਾਈ ਗਈ ਹੈ। ਅਜਿਹੀਆਂ ਥਾਂਵਾਂ ਜਿੱਥੇ ਤੁਹਾਡੀ ਪਹੁੰਚ ਆਮ ਤੌਰ ਉੱਤੇ ਪ੍ਰਾਇਮਰੀ ਕੇਅਰ ਡਾਕਟਰ ਤੱਕ ਨਹੀਂ ਹੁੰਦੀ ਪਰ ਫਾਰਮਾਸਿਸਟ ਤੱਕ ਪਹੁੰਚ ਹੁੰਦੀ ਹੈ। ਮੂਰ ਨੇ ਆਖਿਆ ਕਿ ਪ੍ਰੋਵਿੰਸ ਭਰ ਦੇ ਕਈ ਮੈਡੀਕਲ ਅਧਿਕਾਰੀਆਂ ਵੱਲੋਂ ਇਹ ਮੁੱਦਾ ਉਠਾਇਆ ਜਾ ਚੁੱਕਿਆ ਹੈ।

ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਇਸ ਦਾ ਇੱਕ ਹੱਲ ਦਵਾਈਆਂ ਦੀ ਮਿਕਦਾਰ ਵਿੱਚ ਵਾਧਾ ਕੀਤਾ ਜਾਣਾ ਹੋ ਸਕਦਾ ਹੈ। ਇਸ ਮਾਮਲੇ ਵਿੱਚ ਟਿੱਪਣੀ ਕਰਨ ਲਈ ਸਿਹਤ ਮੰਤਰੀ ਸਿਲਵੀਆ ਜੋਨਜ਼ ਦੇ ਤਰਜ਼ਮਾਨ ਨਾਲ ਸੰਪਰਕ ਨਹੀਂ ਹੋ ਸਕਿਆ। ਓਨਟਾਰੀਓ ਫਾਰਮਾਸਿਸਟ ਐਸੋਸਿਏਸ਼ਨ ਦੇ ਸੀਈਓ ਜਸਟਿਨ ਬੇਟਸ ਨੇ ਆਖਿਆ ਕਿ ਉਨ੍ਹਾਂ ਦੇ ਗਰੁੱਪ ਵੱਲੋਂ ਪ੍ਰੋਵਿੰਸ ਦੇ ਫਾਰਮਾਸਿਸਟਸ ਨੂੰ ਪੈਕਸਲੋਵਿਡ ਪ੍ਰਿਸਕ੍ਰਾਈਬ ਕਰਨ ਦੀ ਖੁੱਲ੍ਹ ਦੇਣ ਲਈ ਜ਼ੋਰ ਲਾਇਆ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਹੋਰਨਾਂ ਪ੍ਰੋਵਿੰਸਾਂ ਦੇ ਫਾਰਮਾਸਿਸਟਸ ਪਹਿਲਾਂ ਹੀ ਅਜਿਹਾ ਕਰ ਰਹੇ ਹਨ।


AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
416-724-5000

GURBIR CHAHAL
Sales Representative
416.566.7605
gurbir.chahal@yahoo.com
ROYAL LEPAGE Flower City Realty
Off: 905.230.3100

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI
416.994.7272
www.allkindinsurance.com

OURR HOME & APPLIANCES
NO TAX Special
$4999
KitchenAid | moffat | MAYTAG | LG | SAMSUNG | Electrolux | JENNAIR | BOSCH | Whirlpool
416-551-5553
www.ourrhomeappliances.com

Pure Vegetarian
MUFFIN'S
INDIAN SWEETS & RESTAURANT
CALL (905)794-3007
NOW OPEN AT EMBASSY GRAND PLAZA
#6-8770 THE GORE RD, BRAMPTON, ON L6P 0B1
SPECIAL OFFER
FREE CHOLE BHATURE WHEN YOU SPEND OVER $20
TIFFEN SERVICES ARE ALSO AVAILABLE

INSURANCE
Home
Auto
Business
Trucking
Life Insurance
Commercial
647-206-2452
Sukhwinder K Singh
CONNEX
7050A Bramalea Rd, Unit # 13, Mississauga, ON L5S 1T1

HELPING YOU PLAN TODAY...FOR TOMORROW
Supervisa / Visitor Insurance
Life / Mortgage/Funeral Insurance
Disability Insurance
Critical Illness Insurance
RESP / RRSP
www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
KSG Pest Control Inc.
www.ksgpestcontrol.ca
ksgpestcontrol@gmail.com
Amarjeet Singh Gill

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ
ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
ਮੁਫ਼ਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc.
Brokerage Lic 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
Licence $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration
Family Law
Corporate
Power of Attorney/Affidavit /Attestations
Real Estate
Business Closing
Wills & Estate
www.kelleylawoffice.ca | info@kelleylawoffice.ca
ਇਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟਾਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
905-362-0755

Royal Pest Control
Residential Commercial Industrial
Specialist in Bedbugs Service
All Pest Control
Mouse & Rats | Spiders & Fleas | Bedbugs | Wasps | Cockroaches | Carpenter Ants | Silver Fish | Racoons
Call : PARESH PATEL
416 938 4598

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

MANN LAW FIRM
Real Estate Law
Wills & Estates
Power of Attorney
Affidavits Notarization / Declaration
Business Law
Family Law
Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

## ਅੱਜ ਨਾਮਾ

ਡਾਕਟਰ ਕਿਸੇ ਦੁਹਰਾਈ ਉਹ ਫੇਰ ਗਲਤੀ,
ਪੱਟੀ ਮਰੀਜ਼ ਦੇ ਅੰਦਰ ਗਿਆ ਛੱਡ ਮੀਆਂ।
ਮੁੜ ਕੇ ਲਿਆਂਦਾ ਮਰੀਜ਼ ਤਾਂ ਭੜਕ ਅੱਗੋਂ,
ਕਹਿੰਦਾ ਸਮਝੋ ਨਹੀਂ ਸਾਨੂੰ ਉਜੱਡ ਮੀਆਂ।
ਸੀਨਾਜ਼ੋਰੀ ਸੀ ਲੱਗ ਗਿਆ ਕਰਨ ਡਾਕਟਰ,
ਇੱਕ ਥਾਂ ਅੜ ਗਿਆ ਲੱਤ ਸੀ ਗੱਡ ਮੀਆਂ।
ਪੜਤਾਲ ਹੋਈ ਤਾਂ ਗਿਆ ਹੈ ਫਸ ਡਾਕਟਰ,
ਫਿਰ ਉਹ ਵੇਖਦਾ ਸੀ ਅੱਖੀਆਂ ਟੱਡ ਮੀਆਂ।
ਗਲਤੀ ਇੱਕ ਦੀ, ਬਦਨਾਮੀ ਡਾਕਟਰਾਂ ਦੀ,
ਇੰਜ ਵੀ ਹੋਣੀ ਨਹੀਂ ਚਾਹੀਦੀ ਗੱਲ ਮੀਆਂ।
ਜਿਸ ਨੇ ਕੀਤੀ ਹੈ, ਭੁਗਤਦਾ ਰਹੂਗਾ ਉਹ,
ਉਂਜ ਨਾ ਡਾਕਟਰਾਂ ਦੀ ਮਾੜੀ ਭੱਲ ਮੀਆਂ।

**ਤੀਸ ਮਾਰ ਖਾਂ**

## ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਇੱਕੋ ਹੀ ਦਿਨ ’ਚ 5000 ਕਰੋੜ ਤੋਂ ਵੱਧ ਦਾ ਐਮਐਸਪੀ ਭੁਗਤਾਨ ਕੀਤਾ : ਲਾਲ ਚੰਦ ਕਟਾਰੂਚੱਕ

ਚੰਡੀਗੜ, 6 ਨਵੰਬਰ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਨਿਰਵਿਘਨ ਖ਼ਰੀਦ ਕਰਨ ਲਈ ਕੀਤੀ ਵਚਨਬੱਧਤਾ ਦੇ ਮੱਦੇਨਜ਼ਰ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਅੱਜ ਦੱਸਿਆ ਕਿ ਸੂਬੇ ਵਿੱਚ ਚੱਲ ਰਹੇ ਝੋਨੇ ਦੇ ਖਰੀਦ ਸੀਜ਼ਨ ਦੌਰਾਨ ਕੱਲ ਇੱਕੋ ਦਿਨ ਵਿੱਚ ਲਗਭਗ 1,84,409 ਕਿਸਾਨਾਂ ਦੇ ਖਾਤਿਆਂ ਵਿੱਚ 5334.54 ਕਰੋੜ ਰੁਪਏ ਦੀ ਐੱਮ.ਐੱਸ.ਪੀ. ਅਦਾਇਗੀ ਸਿੱਧੇ ਤੌਰ ‘ਤੇ ਜਾਰੀ ਕਰ ਦਿੱਤੀ ਗਈ ਹੈ, ਜਦਕਿ 1500 ਕਰੋੜ ਰੁਪਏ ਦੀ ਅਦਾਇਗੀ ਲਈ ਮਨਜ਼ੂਰੀ ਦੇ ਦਿੱਤੀ ਗਈ ਹੈ ਅਤੇ ਜੋ ਕਿ ਸੋਮਵਾਰ ਨੂੰ ਬੈਂਕਾਂ ਦੇ ਖੁੱਲਣ ਤੋਂ ਬਾਅਦ ਜਾਰੀ ਕਰ ਦਿੱਤੇ ਜਾਣਗੇ। ਉਨਾਂ ਇਹ ਵੀ ਦੱਸਿਆ ਕਿ ਬੀਤੇ ਕੱਲ ਤੱਕ ਇਸ ਸੀਜ਼ਨ ਦੇ 144 ਲੱਖ ਮੀਟਰਕ ਟਨ ਝੋਨੇ ਦੀ ਖਰੀਦ ਕੀਤੀ ਜਾ ਚੁੱਕੀ ਹੈ।

ਇਸ ਤੋਂ ਇਲਾਵਾ ਘੱਟੋ ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਅਦਾਇਗੀਆਂ ਸਬੰਧੀ ਜਾਣਕਾਰੀ ਦਿੰਦਿਆਂ ਉਨਾਂ ਦੱਸਿਆ ਕਿ ਬੀਤੇ ਕੱਲ ਤੱਕ ਕੁੱਲ 25424.86 ਕਰੋੜ ਰੁਪਏ ਦੀਆਂ ਐਮ.ਐਸ.ਪੀ. ਅਦਾਇਗੀਆਂ ਸਿੱਧੇ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਜਾਰੀ ਕੀਤੀਆਂ ਜਾ ਚੁੱਕੀਆਂ ਹਨ ਅਤੇ ਹੁਣ ਤੱਕ ਲਗਭਗ 6.5 ਲੱਖ ਕਿਸਾਨ ਐਮ.ਐਸ.ਪੀ. ਦਾ ਲਾਭ ਉਠਾ ਚੁੱਕੇ ਹਨ। ਉਨਾਂ ਸੂਬਾ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਿਹਾ ਕਿ ਕਿਸਾਨਾਂ ਦੇ ਖ਼ੂਨ-ਪਸੀਨੇ ਨਾਲ ਪੈਦਾ ਕੀਤੀ ਫਸਲ ਦਾ ਇੱਕ-ਇੱਕ ਦਾਣਾ ਖਰੀਦਿਆ ਜਾਵੇਗਾ।

ਖੁਰਾਕ ਅਤੇ ਸਿਵਲ ਸਪਲਾਈ ਵਿਭਾਗ ਦੇ ਪ੍ਰਮੁੱਖ ਸਕੱਤਰ ਰਾਹੁਲ ਭੰਡਾਰੀ ਨੇ ਕਿਹਾ ਕਿ ਨਵੰਬਰ ਲਈ ਨਕਦ ਕਰਜ਼ਾ ਹੱਦ (ਸੀ.ਸੀ.ਐਲ.) ਦੀ ਮਨਜ਼ੂਰੀ ਦੇ ਨਾਲ, ਐਮ.ਐਸ.ਪੀ. ਭੁਗਤਾਨ ਨਿਰਵਿਘਨ ਕਰਨਾ ਜਾਰੀ ਰੱਖਿਆ ਗਿਆ ਹੈ। ਉਨਾਂ ਇਹ ਵੀ ਕਿਹਾ ਕਿ ਮਾਝਾ ਖੇਤਰ ਵਿੱਚ ਲਗਭਗ ਸਾਰੇ ਝੋਨੇ ਦੀ ਖਰੀਦ ਅਤੇ ਲਿਫਟਿੰਗ ਹੋ ਚੁੱਕੀ ਹੈ ਅਤੇ ਹੁਣ ਸਭ ਤੋਂ ਵੱਧ ਝੋਨੇ ਦੀ ਆਮਦ ਮਾਲਵਾ ਖੇਤਰ ਵਿੱਚ ਹੋ ਰਹੀ ਹੈ। ਜ਼ਿਲਿਆਂ ਤੋਂ ਪ੍ਰਾਪਤ ਰਿਪੋਰਟਾਂ ਅਨੁਸਾਰ 72 ਘੰਟੇ ਪਹਿਲਾਂ ਖਰੀਦੇ ਗਏ ਝੋਨੇ ਵਿੱਚੋਂ 98 ਫੀਸਦੀ ਤੋਂ ਵੱਧ ਝੋਨੇ ਦੀ ਲਿਫਟਿੰਗ ਕੀਤੀ ਜਾ ਚੁੱਕੀ ਹੈ।

## ਅਮਰੀਕਾ ਵਿਚ ਮਹਿੰਗਾਈ ਕਾਰਨ ਪਹਿਲੀ ਵਾਰ ਘਰ ਖ਼੍ਰੀਦਣ ਵਾਲਿਆਂ ਦੀ ਗਿਣਤੀ ਵਿਚ ਹੋਈ ਭਾਰੀ ਕਮੀ

ਸੈਕਰਾਮੈਂਟੋ, 4 ਨਵੰਬਰ (ਹੁਸਨ ਲੜੋਆ ਬੰਗਾ): ਅਮਰੀਕਾ ਵਿਚ ਘਰਾਂ ਦੀਆਂ ਅਸਮਾਨ ਨੂੰ ਛੂੰਹ ਰਹੀਆਂ ਕੀਮਤਾਂ ਤੇ ਉੱਚ ਵਿਆਜ ਦਰਾਂ ਕਾਰਨ ਪਹਿਲੀ ਵਾਰ ਘਰ ਖ਼੍ਰੀਦਣ ਵਾਲਿਆਂ ਦੀ ਗਿਣਤੀ ਵਿਚ ਭਾਰੀ ਕਮੀ ਆਈ ਹੈ। ਨੈਸ਼ਨਲ ਐਸੋਸੀਏਸ਼ਨ ਆਫ ਰੀਐਲਟਰਜ ਦੀ ਨਵੀਂ ਰਿਪੋਰਟ ਵਿਚ ਇਹ ਖੁਲਾਸਾ ਹੋਇਆ ਹੈ। ਰਿਪੋਰਟ ਅਨੁਸਾਰ ਘਰ ਖ਼੍ਰੀਦਣ ਵਾਲਿਆਂ ਵਿਚ ਵਧ ਉਮਰ ਦੇ ਲੋਕ ਵਧੇਰੇ ਸ਼ਾਮਿਲ ਹਨ ਜਦ ਕਿ ਨੌਜਵਾਨਾਂ ਵਿਚ ਘਰ ਖ਼੍ਰੀਦਣ ਲਈ ਸਮਰੱਥਾ ਨਹੀਂ ਹੈ। ਨੌਜਵਾਨਾਂ ਨੂੰ ਘਰ ਖ਼੍ਰੀਦਣ ਦਾ ਸੁਪਨਾ ਪੂਰਾ ਕਰਨ ਲਈ ਲੰਬੀ ਉਡੀਕ ਕਰਨੀ ਪਵੇਗੀ। ਰਿਪੋਰਟ ਅਨੁਸਾਰ ਜੂਨ 2022 ਨੂੰ ਖਤਮ ਹੋਏ ਸਾਲ ਦੌਰਾਨ ਪਹਿਲੀ ਵਾਰ ਘਰ ਖ਼੍ਰੀਦਣ ਵਾਲਿਆਂ ਦੀ ਗਿਣਤੀ ਕੇਵਲ 26% ਹੈ ਜੋ ਪਿਛਲੇ ਸਾਲ ਦੀ ਤੁਲਨਾ ਵਿਚ 34% ਘੱਟ ਹਨ। ਘਰ ਖ਼੍ਰੀਦਣ ਤੇ ਵੇਚਣ ਵਾਲਿਆਂ ਸਬੰਧੀ ਤਿਆਰ ਇਸ ਰਿਪੋਰਟ ਅਨੁਸਾਰ ਪਿਛਲੇ 41 ਸਾਲਾਂ ਦੌਰਾਨ ਪਹਿਲੀ ਵਾਰ ਏਨੀ ਵੱਡੀ ਪੱਧਰ ਉਪਰ ਪਹਿਲੀ ਵਾਰ ਘਰ ਖ਼੍ਰੀਦਣ ਵਾਲੇ ਲੋਕ ਘਟੇ ਹਨ। ਪਿਛਲੇ ਇਕ ਦਹਾਕੇ ਦੌਰਾਨ ਪਹਿਲੀ ਵਾਰ ਘਰ ਖ਼੍ਰੀਦਣ ਵਾਲਿਆਂ ਦੀ ਪ੍ਰਤੀਸ਼ਤ 30 ਤੋਂ 40 % ਦੇ ਵਿਚਕਾਰ ਸੀ ਜਦ ਕਿ 2009 ਵਿਚ ਇਹ ਸਭ ਤੋਂ ਵਧ 50 ਪ੍ਰਤੀਸ਼ਤ ਸਨ। ਪਹਿਲੀ ਵਾਰ ਘਰ ਖ਼੍ਰੀਦਣ ਵਾਲੇ ਲੋਕਾਂ ਦੀ ਉਮਰ ਵੀ ਵਧ ਕੇ 36 ਸਾਲ ਹੋ ਗਈ ਹੈ ਜੋ ਕਿ ਪਿਛਲੇ ਸਾਲ 33 ਸਾਲ ਸੀ। ਇਸੇ ਤਰਾਂ ਹੀ ਵਧ ਉਮਰ ਦੇ ਘਰ ਖ਼੍ਰੀਦਣ ਵਾਲੇ ਲੋਕਾਂ ਦੀ ਉਮਰ ਵੀ 56 ਸਾਲ ਤੋਂ ਵਧ ਕੇ 59 ਸਾਲ ਹੋ ਗਈ ਹੈ। ਰਿਪੋਰਟ ਅਨੁਸਾਰ ਇਸ ਦਾ ਕਾਰਨ ਕੀਮਤਾਂ ਵਿਚ ਵਾਧਾ ਹੋਣਾ ਤੇ ਲੋਕਾਂ ਦੀ ਆਮਦਨ ਘਟਣਾ ਹੈ। ਘਰ ਖ਼੍ਰੀਦਣ ਵਾਲੇ ਦਰਮਿਆਨੇ ਵਰਗ ਦੇ ਲੋਕਾਂ ਦੀ ਆਮਦਨੀ ਜੂਨ 2022 ਨੂੰ ਖਤਮ ਹੋਏ ਸਾਲ ਦੌਰਾਨ ਘਟ ਕੇ 71000 ਡਾਲਰ ਸਲਾਨਾ ਰਹਿ ਗਈ ਹੈ ਜੋ ਕਿ ਇਸ ਤੋਂ ਪਹਿਲੇ ਸਾਲ ਦੌਰਾਨ 86000 ਡਾਲਰ ਸੀ। ਇਸੇ ਤਰਾਂ ਵਧ ਉਮਰ ਘਰ ਖ਼੍ਰੀਦਣ ਵਾਲੇ ਵਿਅਕਤੀਆਂ ਦੀ ਆਮਦਨੀ 1,12,500 ਡਾਲਰ ਸਲਾਨਾ ਤੋਂ ਘਟ ਕੇ 96000 ਡਾਲਰ ਸਲਾਨਾ ਰਹਿ ਗਈ ਹੈ। ਘੱਟ ਉਮਰ ਵਾਲੇ ਲੋਕ ਆਪਣੀ ਆਮਦਨੀ ਦਾ ਵੱਡਾ ਹਿੱਸਾ ਮਕਾਨ ਦਾ ਕਿਰਾਇਆ ਦੇਣ, ਬੱਚਿਆਂ ਨੂੰ ਪੜਾਉਣ ਲਈ ਲਿਆ ਕਰਜਾ ਵਾਪਿਸ ਕਰਨ, ਬੱਚਿਆਂ ਦੀ ਸਾਂਭ ਸੰਭਾਲ ਤੇ ਹੋਰ ਫੁੱਟਕਲ ਖਰਚਿਆਂ ਉਪਰ ਖਰਚ ਕਰ ਰਹੇ ਹਨ। ਇਸ ਤੋਂ ਇਲਾਵਾ ਵਧੀਆਂ ਘਰਾਂ ਦੀਆਂ ਕੀਮਤਾਂ ਤੇ ਵਿਆਜ ਦਰਾਂ ਵੀ ਉਨਾਂ ਵੱਲੋਂ ਘਰ ਖ਼੍ਰੀਦਣ ਦੇ ਰਾਹ ਵਿਚ ਅੜਿਕਾ ਬਣ ਰਹੀਆਂ ਹਨ।

## ਛੁਰੇਬਾਜ਼ੀ ਕਾਰਨ ਇੱਕ ਗੰਭੀਰ ਜ਼ਖ਼ਮੀ

ਟੋਰਾਂਟੋ, 6 ਨਵੰਬਰ (ਪੋਸਟ ਬਿਊਰੋ) : ਐਤਵਾਰ ਸ਼ਾਮ ਨੂੰ ਨੌਰਥ ਯੌਰਕ ਵਿੱਚ ਛੁਰੇਬਾਜ਼ੀ ਕਾਰਨ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਇਹ ਘਟਨਾ ਜੇਨ ਸਟਰੀਟ ਤੇ ਫਿੰਚ ਐਵਨਿਊ ਵੈਸਟ ਏਰੀਆ ਵਿੱਚ ਸ਼ਾਮੀਂ 6:45 ਦੇ ਨੇੜੇ ਤੇੜੇ ਵਾਪਰੀ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਇੱਕ ਵਿਅਕਤੀ ਤੇਜ਼ ਧਾਰ ਹਥਿਆਰ ਨਾਲ ਕੀਤੇ ਗਏ ਵਾਰ ਕਾਰਨ ਜ਼ਖ਼ਮੀ ਹਾਲਤ ਵਿੱਚ ਮਿਲਿਆ ਤੇ ਉਸ ਨੂੰ ਐਮਰਜੰਸੀ ਰਨ ਰਾਹੀਂ ਹਸਪਤਾਲ ਲਿਜਾਇਆ ਗਿਆ। ਛੁਰੇਬਾਜ਼ੀ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਤੇ ਪੁਲਿਸ ਵੱਲੋਂ ਕਿਸੇ ਮਸ਼ਕੂਕ ਸਬੰਧੀ ਕੋਈ ਜਾਣਕਾਰੀ ਵੀ ਜਾਰੀ ਨਹੀਂ ਕੀਤੀ ਗਈ। ਪੁਲਿਸ ਨੇ ਦੱਸਿਆ ਕਿ ਉਹ ਮੌਕੇ ਉੱਤੇ ਮੌਜੂਦ ਹੈ ਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਅਧਿਆਪਕ ਵਿਦਿਆਰਥੀਆਂ ਨੂੰ ਚੰਗੀ ਸੇਧ ਰਾਹੀਂ ਕਿਸਮਤ ਸੰਵਾਰਨ 'ਚ ਬੇਹੱਦ ਅਹਿਮ ਭੂਮਿਕਾ ਨਿਭਾਉਂਦੇ ਹਨ : ਡਿਪਟੀ ਕਮਿਸ਼ਨਰ ਸੁਰਭੀ ਮਲਿਕ

ਲੁਧਿਆਣਾ, 6 ਨਵੰਬਰ (ਗਿਆਨ ਸਿੰਘ): ਡਿਪਟੀ ਕਮਿਸ਼ਨਰ ਲੁਧਿਆਣਾ ਸੁਰਭੀ ਮਲਿਕ ਨੇ ਕਿਹਾ ਕਿ ਅਧਿਆਪਕ ਵਿਦਿਆਰਥੀਆਂ ਨੂੰ ਚੰਗੀ ਸੇਧ ਦੇ ਕੇ ਉਨ੍ਹਾਂ ਦੀ ਕਿਸਮਤ ਸੰਵਾਰਨ ਵਿੱਚ ਬਹੁਤ ਅਹਿਮ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਕਿਹਾ ਕਿ ਅਧਿਆਪਕ ਆਪਣੇ ਵਿਦਿਆਰਥੀਆਂ ਦੇ ਜੀਵਨ ਨੂੰ ਦਿਸ਼ਾ ਪ੍ਰਦਾਨ ਕਰਦੇ ਹਨ ਜੋ ਉਨ੍ਹਾਂ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਲਈ ਸਹਾਈ ਸਿੱਧ ਹੁੰਦੀ ਹੈ।





ਉਨ੍ਹਾਂ ਇਸ ਗੱਲ ਦਾ ਪ੍ਰਗਟਾਵਾ ਬੀਤੀ ਸ਼ਾਮ ਸਥਾਨਕ ਸੈਕਰਡ ਹਾਰਟ ਕਾਨਵੈਂਟ ਇੰਟਰਨੈਸ਼ਨਲ ਸਕੂਲ ਦੇ ਸਾਲਾਨਾ ਸਮਾਗਮ ਵਿੱਚ ਸ਼ਿਰਕਤ ਕਰਦਿਆਂ ਕੀਤਾ। ਇਸ ਮੌਕੇ ਡਿਪਟੀ ਕਮਿਸ਼ਨਰ ਵਲੋਂ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ ਜਦਕਿ ਚੰਡੀਗੜ੍ਹ ਦੀ ਬ੍ਰਿਟਿਸ਼ ਡਿਪਟੀ ਹਾਈ ਕਮਿਸ਼ਨਰ ਕੈਰੋਲਿਨ ਰੋਵੇਟ ਵਿਸ਼ੇਸ਼ ਮਹਿਮਾਨ ਸਨ। ਇਸ ਸਮਾਗਮ ਵਿੱਚ ਐਸ.ਐਸ.ਪੀ. ਰੋਪੜ ਡਾ. ਸੰਦੀਪ ਗਰਗ ਵਲੋਂ ਵੀ ਸ਼ਿਰਕਤ ਕੀਤੀ ਗਈ। ਇਸ ਸਲਾਨਾ ਸਮਾਗਮ ਦਾ ਵਿਸ਼ਾ ਸੀ - ਜਿਸਦਾ ਅਰਥ ਹੈ ਵਿਭਿੰਨ ਬ੍ਰਹਿਮੰਡਾਂ ਦਾ ਤਾਲਮੇਲ, ਇਸਦੇ ਅਨੁਸਾਰ ਇਹ ਦੱਸਿਆ ਗਿਆ ਕਿ ਅੱਜ ਦਾ ਮਨੁੱਖ ਅਸਲ ਜੀਵਨ ਤੋਂ ਸੰਤੁਸ਼ਟ ਨਹੀਂ ਹੈ ਪਰ ਉਹ ਕਿਸੇ ਨਾ ਕਿਸੇ ਕਾਲਪਨਿਕ ਸੰਸਾਰ ਵਿੱਚ ਘੁੰਮਦਾ ਰਹਿੰਦਾ ਹੈ ਅਤੇ ਵਿਕਲਪਕ ਸੰਸਾਰ ਵਿੱਚ ਅੰਦਰੂਨੀ ਮਨੁੱਖੀ ਇੱਛਾਵਾਂ ਦੀ ਪੂਰਤੀ ਰਾਹੀਂ ਖੁਸ਼ੀ ਪ੍ਰਾਪਤ ਕਰਨਾ ਚਾਹੁੰਦਾ ਹੈ। ਇਸ ਰੰਗਾਰੰਗ ਸਮਾਗਮ ਵਿੱਚ ਸਕੂਲ ਦੇ ਐਲ.ਕੇ.ਜੀ. ਤੋਂ ਦਸਵੀਂ ਤੱਕ ਦੇ ਵਿਦਿਆਰਥੀਆਂ ਨੇ ਪੇਸ਼ਕਾਰੀ ਕੀਤੀ ਗਈ।

ਸਮਾਗਮ ਦੀ ਸ਼ੁਰੂਆਤ ਮੁੱਖ ਮਹਿਮਾਨ ਡਿਪਟੀ ਕਮਿਸ਼ਨਰ ਲੁਧਿਆਣਾ ਸੁਰਭੀ ਮਲਿਕ ਅਤੇ ਵਿਸ਼ੇਸ਼ ਮਹਿਮਾਨ ਕੈਰੋਲੀਨ ਰੋਵੇਟ, ਬ੍ਰਿਟਿਸ਼ ਡਿਪਟੀ ਹਾਈ ਕਮਿਸ਼ਨਰ, ਚੰਡੀਗੜ੍ਹ ਵੱਲੋਂ ਸ਼ਮ੍ਹਾ ਰੌਸ਼ਨ ਕਰਕੇ ਕੀਤੀ ਗਈ। ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਗਏ ਸ਼ਾਨਦਾਰ ਪ੍ਰਦਰਸ਼ਨ ਤੋਂ ਉਹ ਬਹੁਤ ਪ੍ਰਭਾਵਿਤ ਹੋਏ। ਮੁੱਖ ਮਹਿਮਾਨ ਨੇ ਆਪਣੇ ਸ਼ਬਦਾਂ ਰਾਹੀਂ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Paramjit Singh Gill (MBA,LL.B.)
Tel: 905-790-3636
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਸਰਕਾਰਾਂ ਬਦਲ ਜਾਂਦੀਆਂ, ਰਾਜਨੀਤੀ ਦਾ ਬੇਰਹਿਮ ਪੱਖ ਬਦਲਦਾ ਨਹੀਂ ਵੇਖਿਆ ਗਿਆ

ਜਤਿੰਦਰ ਪਨੂੰ ਦੀ ਕਲਮ ਤੋਂ

ਰਾਜਨੀਤੀ ਹਰ ਦੇਸ਼ ਵਿੱਚ ਓਥੋਂ ਦੇ ਹਾਲਾਤ ਮੁਤਾਬਕ ਇੱਕ ਖਾਸ ਲੀਹ ਵਿੱਚ ਪਈ ਰਹਿੰਦੀ ਹੈ। ਲੋਕਤੰਤਰ ਵਾਲੇ ਦੇਸ਼ਾਂ ਵਿੱਚ ਚੋਣਾਂ ਦਾ ਹੋਣਾ ਜ਼ਰੂਰੀ ਪ੍ਰਕਿਰਿਆ ਦਾ ਹਿੱਸਾ ਹੁੰਦਾ ਹੈ। ਕੁਝ ਦੇਸ਼ਾਂ ਵਿੱਚ ਇੱਕੋ ਸਾਲ ਵਿੱਚ ਕਈ ਵਾਰ ਚੋਣਾਂ ਹੋਣ ਦੀਆਂ ਖਬਰਾਂ ਵੀ ਸਾਨੂੰ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਵਿਕਸਤ ਦੇਸ਼ਾਂ ਵਿੱਚ ਵੀ ਸਰਕਾਰਾਂ ਤੇ ਹਾਕਮ ਟਿਕਾਊ ਨਾ ਹੋਣ ਤਾਂ ਇੱਕੋ ਸਾਲ ਵਿੱਚ ਤਿੰਨ ਪ੍ਰਧਾਨ ਮੰਤਰੀ ਬਦਲਣ ਦੀ ਨੌਬਤ ਯੂ ਕੇ ਜਾਂ ਬ੍ਰਿਟੇਨ ਵਾਂਗ ਆ ਜਾਂਦੀ ਹੈ। ਕਦੀ ਉਹ ਸੰਸਾਰ ਦੇ ਏਡੇ ਵੱਡੇ ਹਿੱਸੇ ਉੱਤੇ ਰਾਜ ਕਰਦੇ ਸਨ ਕਿ ਉਨ੍ਹਾਂ ਦੇ ਰਾਜ ਵਿੱਚ ਸੂਰਜ ਨਹੀਂ ਸੀ ਡੁੱਬਦਾ। ਇੱਕ ਸਿਰੇ ਸੂਰਜ ਡੁੱਬਦਾ ਪਿਆ ਹੁੰਦਾ ਸੀ ਤਾਂਓਸੇ ਹਕੂਮਤ ਵਾਲੇ ਕਿਸੇ ਹੋਰ ਦੇਸ਼ ਵਿੱਚ ਕਿਸੇ ਥਾਂ ਚੜ੍ਹਦਾ ਦਿਖਾਈ ਦੇਂਦਾ ਸੀ। ਅੱਜ ਉਨ੍ਹਾਂ ਦਾ ਪ੍ਰਧਾਨ ਮੰਤਰੀ ਕਦੋਂ ਬਦਲਣਾ ਪੈ ਜਾਵੇ, ਓਥੋਂ ਦੇ ਨਾਗਰਿਕਾਂ ਨੂੰ ਕੀ ਪਤਾ ਹੋਣਾ, ਉਸ ਦੇਸ਼ ਦੀ ਕਮਾਨ ਸੰਭਾਲ ਰਹੀ ਪਾਰਟੀ ਦੀ ਲੀਡਰਸ਼ਿਪ ਨੂੰ ਵੀ ਪਤਾ ਨਹੀਂ ਲੱਗਦਾ। ਏਦਾਂ ਕਈ ਹੋਰ ਦੇਸ਼ਾਂ ਵਿੱਚ ਵੀ ਹੁੰਦਾ ਰਹਿੰਦਾ ਹੈ।

ਸਾਡੇ ਭਾਰਤ ਵਿੱਚ ਚੋਣਾਂ ਦਾ ਚੱਕਰ ਲਗਾਤਾਰ ਚੱਲਦਾ ਰਹਿੰਦਾ ਹੈ। ਕਦੀ ਪਾਰਲੀਮੈਂਟ ਦੀਆਂ ਚੋਣਾਂ ਤੇ ਕਦੀ ਕੁਝ ਰਾਜਾਂ ਦੀਆਂ ਵਿਧਾਨ ਸਭਾਵਾਂ ਜਾਂ ਵੱਡੇ ਪ੍ਰਭਾਵ ਵਾਲੀਆਂ ਉੱਪ ਚੋਣਾਂ ਵਾਸਤੇ ਚੱਕਰ ਚੱਲ ਪੈਂਦਾ ਹੈ। ਅੱਜਕੱਲ੍ਹ ਹਿਮਾਚਲ ਪ੍ਰਦੇਸ਼ ਤੇ ਗੁਜਰਾਤ ਦੀਆਂ ਵਿਧਾਨ ਸਭਾ ਚੋਣਾਂ ਦਾ ਗੇੜ ਚੱਲਦਾ ਪਿਆ ਹੈ। ਹਿਮਾਚਲ ਪ੍ਰਦੇਸ਼ ਦੀਆਂ ਪਹਿਲਾਂ ਤੇ ਗੁਜਰਾਤ ਦੀਆਂ ਉਸ ਤੋਂ ਢਾਈ ਹਫਤੇ ਬਾਅਦ ਹੋ ਕੇ ਵੋਟਾਂ ਦੀ ਗਿਣਤੀ ਦੋਵਾਂ ਰਾਜਾਂ ਦੀ ਦਸੰਬਰ ਦੇ ਦੂਸਰੇ ਹਫਤੇ ਦੇ ਪਹਿਲੇ ਦਿਨ ਇੱਕੋ ਵਕਤ ਕਰਾਈ ਜਾਣੀ ਹੈ। ਏਸੇ ਦੌਰਾਨ ਭਾਰਤ ਦੀ ਰਾਜਧਾਨੀ ਦਿੱਲੀ ਦੀ ਮਿਉਂਸਪਲ ਕਾਰਪੋਰੇਸ਼ਨ ਲਈ ਵੋਟਾਂ ਪੈਣ ਅਤੇ ਨਤੀਜਾ ਨਿਕਲਣ ਦਾ ਦਿਨ ਮਿੱਥ ਦਿੱਤਾ ਗਿਆ ਹੈ। ਉਸ ਦੇ ਬਾਅਦ ਸਾਲ ਬਦਲਣ ਪਿੱਛੋਂ ਤੀਸਰੇ ਮਹੀਨੇ ਫਿਰ ਤਿੰਨ ਉੱਤਰ ਪੂਰਬੀ ਰਾਜਾਂ ਦੀਆਂ ਅਤੇ ਮਈ ਵਿੱਚ ਕਰਨ-ਾਟਕਾ ਵਰਗੇ ਅਹਿਮ ਰਾਜ ਦੀਆਂ ਚੋਣਾਂ ਹੋਣ ਕਾਰਨ ਇਸ ਲਗਾਤਾਰ ਚੱਲਦੇ ਚੱਕਰ ਨੇ ਦੇਸ਼ ਦੀ ਰਾਜਨੀਤੀ ਅਤੇ ਰਾਜਨੀਤੀ ਦੇ ਮਹਾਂਰਥੀਆਂ ਦੀ ਦੌੜ ਲਵਾਈ ਰੱਖਣੀ ਹੈ। ਆਮ ਲੋਕ ਕਿਹੜੇ ਹਾਲਾਤ ਵਿੱਚ ਰਹਿੰਦੇ ਹਨ, ਇਸ ਦੀ ਚਿੰਤਾ ਰਾਜਸੀ ਲੀਡਰਾਂ ਨੂੰ ਬਹੁਤੀ ਨਹੀਂ ਹੁੰਦੀ, ਉਨ੍ਹਾਂ ਲਈ ਕੁਰਸੀ ਤੱਕ ਪਹੁੰਚਣਾ ਅਤੇ ਪਹੁੰਚ ਗਏ ਤਾਂ ਉਸ ਉੱਤੇ ਕਬਜ਼ਾ ਕਰੀ ਰੱਖਣ ਦਾ ਜੁਗਾੜ ਕਰਨਾ ਸਭ ਤੋਂ ਵੱਡਾ ਏਜੰਡਾ ਹੁੰਦਾ ਹੈ।

## ਅਸੂਲ-ਸਿਧਾਂਤ ਅਤੇ ਖੁਦ ਆਪਣੇ ਮੂੰਹੋਂ ਕਹੀਆਂ ਗੱਲਾਂ ਵਿਸਾਰਨ ਦਾ ਰਿਵਾਜ ਪਿਆ

ਲੋਕਤੰਤਰ ਵਿੱਚ ਕਿਸੇ ਲੀਡਰ ਦਾ ਕਿਸੇ ਰਾਜਸੀ ਤਾਕਤ ਵਾਲੇ ਅਹੁਦੇ ਲਈ ਲੜਨਾ ਜਾਂ ਟਿਕੇ ਰਹਿਣ ਦਾ ਜੁਗਾੜ ਕਰਨਾ ਗਲਤ ਨਹੀਂ ਕਿਹਾ ਜਾ ਸਕਦਾ, ਪਰ ਗਲਤ ਇਹ ਹੈ ਕਿ ਇਸ ਚੋਣ ਚੱਕਰ ਵਿੱਚ ਸਾਰੇ ਅਸੂਲ-ਸਿਧਾਂਤ ਅਤੇ ਖੁਦ ਆਪਣੇ ਮੂੰਹੋਂ ਕਹੀਆਂ ਗੱਲਾਂ ਵਿਸਾਰਨ ਦਾ ਰਿਵਾਜ ਪੈ ਗਿਆ ਹੈ, ਜਿਹੜਾ ਕਈ ਪੁਆੜਿਆਂ ਦੀ ਜੜ੍ਹ ਹੈ। ਜਨਤਕ ਹਿੱਤ ਦੇ ਬਹੁਤ ਸਾਰੇ ਮੁੱਦੇ ਲਟਕਦੇ ਰਹਿਣੇ ਆਮ ਗੱਲ ਹੈ, ਇਨ੍ਹਾਂ ਲੀਡਰਾਂ ਦੀ ਰਾਜਸੀ ਚੁੰਝ-ਭਿੜਾਈ ਕਈ ਵਾਰ ਬਹੁਤ ਵੱਡੇ ਦੁਖਾਂਤਾਂ ਦੇ ਮਾਮਲੇ ਵਿੱਚ ਵੀ ਹੱਦਾਂ ਟੱਪਣ ਲੱਗਦੀ ਹੈ। ਮਿਸਾਲ ਵਜੋਂ ਪਿਛਲੇ ਹਫਤੇ ਗੁਜਰਾਤ ਦੇ ਮੋਰਬੀ ਸ਼ਹਿਰ ਵਿੱਚੋਂ ਲੰਘਦੀ ਮੱਛੂ ਉੱਤੇ ਬਣਾਇਆ ਰੱਸਿਆਂ ਦਾ ਪੁਲ ਟੁੱਟਣ ਤੇ ਡੇਢ ਸੌ ਦੇ ਕਰੀਬ ਲੋਕਾਂ ਦੇ ਮਰਨ ਦੇ ਮਾਮਲੇ ਵਿੱਚ ਵੀ ਇਹੋ ਚੁੰਝ-ਭਿੜਾਈ ਵੇਖ ਲਈ ਹੈ। ਪੁਲ ਇੱਕ ਸੌ ਪੈਂਤੀ ਸਾਲ ਪੁਰਾਣਾ ਦੱਸਿਆ ਗਿਆ ਹੈ। ਏਥੇ ਲੱਗਦੇ ਮੇਲੇ ਕਾਰਨ ਹਰ ਸਾਲ ਮੁਰੰਮਤ ਕਰਵ-ਾਇਆ ਜਾਂਦਾ ਸੀ। ਇਸ ਵਾਰੀ ਵੀ ਮੁਰੰਮਤ ਕਰਵਾਇਆ ਗਿਆ, ਪਰ ਮੁਰੰਮਤ ਦੀ ਥਾਂ ਐਵੇਂ ਕੁਝ ਮਾੜੀ-ਮੋਟੀ ਕਾਰਵਾਈ ਪਾ ਕੇ ਓਸੇ ਤਰ੍ਹਾਂ ਸਾਰਿਆ ਗਿਆ, ਜਿੱਦਾਂ ਹਰ ਸਾਲ ਸਾਰ ਦਿੱਤਾ ਜਾਂਦਾ ਸੀ, ਬੱਸ ਇਸ ਵਾਰ ਓਥੇ ਵੱਡਾ ਦੁਖਾਂਤ ਵਾਪਰ ਗਿਆ। ਡੇਢ ਸੌ ਤੋਂ ਵੱਧ ਲੋਕਾਂ ਦੇ ਮਾਰੇ ਜਾਣ ਪਿੱਛੋਂ ਪਤਾ ਲੱਗਾ ਕਿ ਜਿਹੜੀ ਕੰਪਨੀ ਨੂੰ ਇਸ ਦੀ ਮੁਰੰਮਤ ਦਾ ਕੰਮ ਸੌਂਪਿਆ ਗਿਆ ਸੀ, ਉਹ ਪੁਲਾਂ ਬਾਰੇ ਕੁਝ ਜਾਣਦੀ ਹੀ ਨਹੀਂ ਸੀ, ਬਿਜਲੀ ਦੀਆਂ ਟਿਊਬਾਂ ਤੇ ਬਲਬ ਬਣਾਉਣ ਦਾ ਕੰਮ ਕਰਦੀ ਸੀ ਅਤੇ ਉਸ ਨੇ ਕਰੋੜਾਂ ਦਾ ਠੇਕਾ ਲੈ ਕੇ ਨਾ ਪੁਲ ਨੂੰ ਟਿਕਾਈ ਰੱਖਣ ਵਾਲੇ ਰੱਸਿਆਂ ਦੀ ਹਾਲਤ ਵੇਖੀ, ਨਾ ਉਨ੍ਹਾਂ ਦੇ ਬੇਸ ਵਜੋਂ ਲੱਗੇ ਹੋਏ ਕਿੱਲ-ਕਾਬਲਿਆਂ ਦਾ ਜੰਗਾਲ ਲੱਗਾ ਵੇਖਿਆ। ਮੁਰੰਮਤ ਕਰਨ ਦੀ ਰਿਪੋਰਟ ਕੰਪਨੀ ਨੇ ਦੇ ਦਿੱਤੀ ਅਤੇ ਮਿਊਂਸਪਲ ਕਾਰਪੋਰੇਸ਼ਨ ਦੇ ਅਫਸਰਾਂ ਨੇ ਬਿੱਲ ਪਾਸ ਕਰ ਦਿੱਤੇ, ਫਿਟਨੈੱਸ ਦੇ ਕਿਸੇ ਸਰਟੀਫਿਕੇਟ ਤੋਂ ਬਿਨਾਂ ਹੀ ਉਸ ਸੌ ਕੁ ਲੋਕਾਂ ਨੂੰ ਝੱਲਣ ਜੋਗੇ ਪੁਲ ਉੱਤੇ ਪੰਜ ਸੌ ਲੋਕਾਂ ਦੇ ਚੜ੍ਹਨ ਲਈ ਟਿਕਟਾਂ ਕੱਟ ਕੇ ਕੰਪਨੀ ਨੂੰ ਪੈਸੇ ਕਮਾਉਣ ਦਾ ਲਾਲਚ ਪੈ ਗਿਆ। ਬਾਅਦ ਵਿੱਚ ਸਾਰੀ ਜ਼ਿੰਮੇਵਾਰੀ ਟਿਕਟਾਂ ਕੱਟਣ ਵਾਲੇ ਬਾਬੂਆਂ ਅਤੇ ਪੁਲ ਦੇ ਅੱਗੇ ਖੜੇ ਸਕਿਓਰਟੀ ਗਾਰਡਾਂ ਦੇ ਸਿਰ ਪਾ ਕੇ ਕੰਪਨੀ ਮਾਲਕਾਂ ਦੇ ਬਚਾਅ ਦਾ ਰਾਹ ਲੱਭਣ ਦਾ ਯਤਨ ਸ਼ੁਰੂ ਹੋ ਗਿਆ।

## ਹਾਦਸੇ ਨੂੰ ਰੱਬੀ ਭਾਣਾ (ਐਕਟ ਆਫ ਗਾਡ) ਕਿਹਾ

ਅਗਲੇ ਦਿਨ ਇਸ ਹਾਦਸੇ ਵਿੱਚ ਹੋਈਆਂ ਮੌਤਾਂ ਦੇ ਕਾਰਨ ਇੱਕ ਨਵਾਂ ਵਿਵਾਦ ਖੜ੍ਹਾ ਹੋ ਗਿਆ। ਮੁਰੰਮਤ ਦੇ ਕੰਮ ਵਿੱਚੋਂ ਕਰੋੜਾਂ ਦੀ ਕਮਾਈ ਕਰਨ ਵਾਲੇ ਕੰਪਨੀ ਦੇ ਮਾਲਕਾਂ ਨੇ ਵੀ ਤੇ ਉਨ੍ਹਾਂ ਨਾਲ ਮਿਲੇ ਹੋਏ ਹਾਕਮਾਂ ਨੇ ਇਹ ਰਾਗ ਛੋਹ ਲਿਆ ਕਿ ਕਿਸੇ ਦਾ ਕਸੂਰ ਨਹੀਂ, ਇਹ ਬੱਸ ਰੱਬੀ ਭਾਣਾ (ਐਕਟ ਆਫ ਗਾਡ) ਹੀ ਕਿਹਾ ਜਾ ਸਕਦਾ ਹੈ। ਇਸ ਦੇ ਉਲਟ ਮੀਡੀਏ ਨੇ ਵੀ ਅਤੇ ਵਿਰੋਧੀ ਪਾਰਟੀਆਂ ਨੇ ਵੀ ਇਹ ਮਿਹਣਾ ਮਾਰ ਦਿੱਤਾ ਕਿ ਸਾਢੇ ਛੇ ਸਾਲ ਪਹਿਲਾਂ ਏਹੋ ਜਿਹਾ ਹਾਦਸਾ ਜਦੋਂ ਪੱਛਮੀ ਬੰਗਾਲ ਵਿੱਚ ਵਿਵੇਕਾਨੰਦ ਫਲਾਈਓਵਰ ਢਹਿਣ ਵਾਲਾ ਹੋਇਆ ਤੇ ਛੱਬੀ ਲੋਕ ਮਾਰੇ ਗਏ ਸਨ ਤਾਂ ਓਥੋਂ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਵੀ ਉਸ ਨੂੰ 'ਐਕਟ ਆਫ ਗਾਡ' ਕਿਹਾ ਸੀ। ਫਰਕ ਇਹ ਸੀ ਕਿ ਓਦੋਂ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਜਦੋਂ ਉਸ ਨੂੰ 'ਐਕਟ ਆਫ ਗਾਡ' ਕਿਹਾ ਸੀ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਿਪਣੀ ਕੀਤੀ ਸੀ ਕਿ "ਇਹ 'ਐਕਟ ਆਫ ਗਾਡ' ਨਹੀਂ, 'ਐਕਟ ਆਫ ਫਰਾਡ' ਵਾਪਰਿਆ ਹੈ ਤੇ ਇਸ ਦੀ ਜ਼ਿੰਮੇਵਾਰੀ ਰਾਜ ਸਰਕਾਰ ਦੇ ਸਿਰ ਪੈਣੀ ਬਣਦੀ ਹੈ। ਇਹੋ ਗੱਲ ਵਿਰੋਧੀਆਂ ਨੇ ਇਸ ਵਾਰੀ ਚੁੱਕ ਲਈ ਕਿ ਓਦੋਂ ਛੱਬੀ ਮੌਤਾਂ ਹੋਣ ਦੇ ਬਾਅਦ ਜਿਹੜਾ ਪ੍ਰਧਾਨ ਮੰਤਰੀ ਉਸ ਨੂੰ 'ਐਕਟ ਆਫ ਗਾਡ' ਦੀ ਬਜਾਏ 'ਐਕਟ ਆਫ ਫਰਾਡ' ਕਹਿੰਦਾ ਸੀ, ਉਹ ਖੁਦ ਆਪਣੇ ਰਾਜ ਗੁਜਰਾਤ ਦੇ ਹਾਦਸੇ ਬਾਰੇ ਚੁੱਪ ਵੱਟ ਗਿਆ ਹੈ, ਇਸ ਨੂੰ ਓਸੇ ਹਿਸਾਬ ਨਾਲ 'ਐਕਟ ਆਫ ਫਰਾਡ' ਮੰਨ ਕੇ ਕਾਰਵਾਈ ਕਰਨੀ ਚਾਹੀਦੀ ਹੈ। ਗੁਜਰਾਤ ਦੀ ਗਲੀ-ਗਲੀ ਵਿੱਚ ਇਹ ਦੋਵੇਂ ਵਿਚਾਰ ਅੱਜ ਘੁੰਮਦੇ ਪਏ ਹਨ।



ਭਾਰਤ ਦੇ ਪ੍ਰਧਾਨ ਮੰਤਰੀ ਦਾ ਆਪਣਾ ਰਾਜ ਸੀ ਤੇ ਅਗਲੇ ਮਹੀਨੇ ਓਥੇ ਵਿਧਾਨ ਸਭਾ ਚੋਣਾਂ ਹੋਣੀਆਂ ਸਨ, ਇਸ ਲਈ ਉਨ੍ਹਾਂ ਇਹ ਹਾਦਸਾ ਹੋਣ ਤੋਂ ਅਗਲੇਰੇ ਦਿਨ ਮੌਕਾ ਵੇਖਣ ਦਾ ਪ੍ਰੋਗਰਾਮ ਬਣਾ ਲਿਆ। ਜਿਹੜੀ ਰਾਜ ਸਰਕਾਰ ਇਸ ਹਾਦਸੇ ਤੋਂ ਪਹਿਲਾਂ ਲਾਲਚ ਦੇ ਡੰਗੇ ਹੋਏ ਕੰਪਨੀ ਮਾਲਕਾਂ ਨੂੰ ਕਿਸੇ ਕਾਰਨ ਢਿੱਲਾਂ ਦੇਈ ਜਾਂਦੀ ਰਹੀ ਸੀ, ਉਸ ਨੇ ਪ੍ਰਧਾਨ ਮੰਤਰੀ ਦੇ ਦੌਰੇ ਤੋਂ ਪਹਿਲਾਂ ਓਥੋਂ ਦੇ ਹਸਪਤਾਲ ਨੂੰ ਇੱਕੋ ਰਾਤ ਵਿੱਚ ਰੰਗ ਕਰਵਾ ਕੇ ਨਵਾਂ ਚਮਕਾਂ ਮਾਰਦਾ ਬਣਾ ਦਿੱਤਾ ਤੇ ਉਸ ਗਿੱਲੇ ਪੇਂਟ ਉੱਤੇ ਵਧੀਆ ਕਲਾਕਾਰਾਂ ਤੋਂ ਹੱਸਦੇ-ਖੇਡਦੇ ਬੱਚਿਆਂ ਵਾਲੀਆਂ ਤਸਵੀਰਾਂ ਬਣਵਾ ਦਿੱਤੀਆਂ। ਬਹੁਤ ਕਮਾਲ ਦੀ ਗੱਲ ਹੈ ਕਿ ਮ੍ਰਿਤਕਾ ਦੇ ਵਾਰਸਾਂ ਦੇ ਅੱਥਰੂ ਪੂੰਝਣ ਦੀ ਚਿੰਤਾ ਨਹੀਂ, ਜ਼ਖਮੀਆਂ ਦੇ ਇਲਾਜ ਦੀ ਬਹੁਤੀ ਚਿੰਤਾ ਨਹੀਂ, ਪ੍ਰਧਾਨ ਮੰਤਰੀ ਨਾਲ ਆਉਣ ਵਾਲੇ ਮੀਡੀਏ ਨੂੰ ਇਹ ਵਿਖਾਉਣ ਦੀ ਚਿੰਤਾ ਹੋ ਗਈ ਕਿ ਹਸਪਤਾਲ ਬਹੁਤ ਸੋਹਣਾ ਦਿੱਸਣਾ ਚਾਹੀਦਾ ਹੈ। ਇਸ ਤੋਂ ਪ੍ਰਸ਼ਾਸਨ ਦੀ ਬੇਰਹਿਮ ਚਾਪਲੂਸੀ ਦਾ ਵੀ ਪਤਾ ਲੱਗਾ ਤੇ ਲੋਕਾਂ ਦੀ ਹਾਲਤ ਦਾ ਵੀ।

## ਡੇਢ ਸੌ ਲੋਕਾਂ ਦੇ ਮਾਰੇ ਜਾਣ ਦੀ ਘਟਨਾ ਇਸ ਮੌਕੇ ਚੋਣ-ਮੁੱਦਾ ਬਣੇਗੀ

ਗੁਜਰਾਤ ਵਿੱਚ ਵਿਧਾਨ ਸਭਾ ਚੋਣਾਂ ਦਾ ਐਲਾਨ ਹੋ ਚੁੱਕਾ ਹੈ, ਪਹਿਲੀ ਦਸੰਬਰ ਨੂੰ ਪਹਿਲੇ ਗੇੜ ਦੀਆਂ ਵੋਟਾਂ ਅਤੇ ਪੰਜ ਦਸੰਬਰ ਨੂੰ ਦੂਸਰੇ ਗੇੜ ਦੀਆਂ ਪੈਣਗੀਆਂ। ਮੋਰਬੀ ਸ਼ਹਿਰ ਦੀ ਮੱਛੂ ਨਦੀ ਉੱਤੇ ਪੁਲ ਟੁੱਟਣ ਅਤੇ ਡੇਢ ਸੌ ਲੋਕਾਂ ਦੇ ਮਾਰੇ ਜਾਣ ਦੀ ਘਟਨਾ ਇਸ ਮੌਕੇ ਚੋਣ-ਮੁੱਦਾ ਬਣੇਗੀ। ਇੱਕ-ਦੂਸਰੇ ਨੂੰ ਮਿਹਣੇ ਦਿੱਤੇ ਜਾਣਗੇ। ਲੋਕ ਕਦੀ ਆਪਣੇ ਰਾਜ ਵਿੱਚ ਪਿਛਲੇ ਸਤਾਈ ਸਾਲਾਂ ਤੋਂ ਰਾਜ ਕਰਦੀ ਪਾਰਟੀ ਦੇ ਆਗੂਆਂ, ਜਿਨ੍ਹਾਂ ਵਿੱਚ ਪ੍ਰਧਾਨ ਮੰਤਰੀ ਵੀ ਸ਼ਾਮਲ ਹਨ, ਦੇ ਮੂੰਹ ਤੋਂ ਇਹ ਸੁਣਿਆ ਕਰਨਗੇ ਕਿ ਉਨ੍ਹਾਂ ਨੇ ਮ੍ਰਿਤਕਾਂ ਦੇ ਵਾਰਸਾਂ ਲਈ ਆਹ ਕੁਝ ਕੀਤਾ ਹੈ ਤੇ ਕਦੀ ਵਿਰੋਧੀ ਧਿਰਾਂ ਵਿਚਲੇ ਆਗੂਆਂ ਤੋਂ ਸੁਣਿਆ ਕਰਨਗੇ ਕਿ ਕੱਖ ਕੀਤਾ ਹੀ ਨਹੀਂ। ਚਾਲੀ ਕੁ ਸਾਲ ਪਹਿਲਾਂ ਇੱਕ ਵਿਅੰਗਕਾਰ ਨੇ ਲਿਖਿਆ ਸੀ ਕਿ ਕਿਸੇ ਥਾਂ ਪੁਲ ਉੱਤੇ ਇੱਕੋ ਸਾਲ ਵਿੱਚ ਪੰਜਵਾਂ ਹਾਦਸਾ ਹੋਣ ਮਗਰੋਂ ਜਦੋਂ ਮ੍ਰਿਤਕਾਂ ਦੀ ਅੰਤਮ ਅਰਦਾਸ ਹੋਣੀ ਸੀ, ਮੰਤਰੀ ਜੀ ਓਥੇ ਪਹੁੰਚ ਗਏ। ਉਨ੍ਹਾਂ ਨੇ ਇਹ ਨਹੀਂ ਸੀ ਕਿਹਾ ਕਿ ਵਾਰ-ਵਾਰ ਹਾਦਸੇ ਦਾ ਕਾਰਨ ਬਣਨ ਵਾਲਾ ਇਹ ਪੁਲ ਢਾਹ ਕੇ ਨਵੇਂ ਸਿਰਿਉਂ ਠੀਕ ਡੀਜ਼ਾਈਨ ਵਾਲਾ ਬਣਾਵਾਂਗੇ, ਤਾਂ ਕਿ ਲੋਕ ਨਾ ਮਰਨ, ਸਗੋਂ ਇਹ ਗੱਲ ਕਹੀ ਸੀ ਕਿ ਸਾਡੀ ਸਰਕਾਰ ਨੇ ਇੱਕ ਵਿਸ਼ੇਸ਼ ਫੰਡ ਕਾਇਮ ਕਰਨ ਦਾ ਫੈਸਲਾ ਕੀਤਾ ਹੈ, ਜਿਹੜਾ ਇਸ ਪੁਲ ਉੱਤੇ ਮਾਰੇ ਜਾਣ ਵਾਲੇ ਲੋਕਾਂ ਦੇ ਵਾਰਸਾਂ ਲਈ ਹੋਵ-ੇਗਾ, ਤਾਂ ਕਿ ਅਗਲੀ ਵਾਰੀ ਕੋਈ ਬੰਦਾ ਮਰੇ ਤਾਂ ਮੁਆਵਜ਼ੇ ਲਈ ਦੇਰੀ ਨਾ ਹੋਵੇ। ਗੁਜਰਾਤ ਦੇ ਮੋਰਬੀ ਸ਼ਹਿਰ ਵਿੱਚ ਮੱਛੂ ਨਦੀ ਵਾਲੇ ਝੂਲਣੇ ਪੁਲ ਉੱਤੇ ਵਾਪਰੇ ਹਾਦਸੇ ਨੇ ਉਸ ਵਿਅੰਗ ਲੇਖਕ ਦਾ ਉਹ ਰਾਜਨੀਤੀ ਦੀ ਬੇਰਹਿਮੀ ਬਾਰੇ ਕੀਤਾ ਵਿਅੰਗ ਯਾਦ ਕਰਵਾ ਦਿੱਤਾ ਹੈ। ਜਿਹੜੀ ਲੀਹ ਉੱਤੇ ਭਾਰਤ ਦੀ ਰਾਜਨੀਤੀ ਪਈ ਹੈ ਅਤੇ ਪਈ ਰਹਿਣੀ ਜਾਪਦੀ ਹੈ, ਓਥੇ ਲੋਕਾਂ ਦਾ ਨਸੀਬ ਸੁਧਰ ਨਹੀਂ ਸਕਦਾ। ਸਰਕਾਰਾਂ ਬਦਲ ਜਾਂਦੀਆਂ ਹਨ, ਲੋਕ ਮਰਦੇ ਤੇ ਹਾਕਮ ਅੱਗੇ ਤੋਂ ਮੌਤਾਂ ਰੋਕਣ ਦੀ ਥਾਂ ਮ੍ਰਿਤਕਾਂ ਲਈ ਮੁਆਵਜ਼ੇ ਦਾ ਐਲਾਨ ਇੰਜ ਹੀ ਕਰਦੇ ਹਨ, ਜਿੱਦਾਂ ਉਹ ਬੱਸ ਏਨੇ ਕੰਮ ਲਈ ਹੀ ਉੱਚੀਆਂ ਕੁਰਸੀਆਂ ਤੱਕ ਪੁਚਾਏ ਗਏ ਹੋਣ। ਬਦਕਿਸਮਤੀ ਹੈ ਏਦਾਂ ਦੇ ਲੋਕਤੰਤਰ ਵਿੱਚ ਲੋਕਾਂ ਦੀ।

# ਕਲੀਵਵਿਊ ਸੀਨੀਅਰਜ਼ ਕਲੱਬ ਵੱਲੋਂ ਇਸ ਮੌਸਮ ਦੇ ਸਾਰੇ ਤਿਉਹਾਰਾਂ ਦੇ ਨਾਂ ਸਾਂਝਾ ਪ੍ਰੋਗਰਾਮ







ਬਰੈਂਪਟਨ: (ਡਾ. ਬਲਜਿੰਦਰ ਸਿੰਘ ਸੇਖੋਂ) ਬੀਤੇ ਬੁਧਵਾਰ ਬਰੈਂਪਟਨ ਦੇ ਕਲੀਵਵਿਊ ਸੀਨੀਅਰਜ਼ ਕਲੱਬ ਵਲੋਂ ਮਾਉਂਟ ਪਲੀਜ਼ੈਂਟ ਲਾਇਬਰੇਰੀ ਦੇ ਹਾਲ ਵਿਚ ਦਿਵਾਲੀ, ਬੰਦੀ ਛੋੜ ਦਿਵਸ, ਵਿਸ਼ਕਰਮਾ ਦਿਵਸ ਤੇ ਹੈਲੋਵੀਨ ਮਨਾਉਣ ਲਈ ਵਿਸ਼ੇਸ਼ ਪ੍ਰੋਗਰਾਮ ਕੀਤਾ ਗਿਆ। ਇਸ ਵਿਚ ਸਭਿਆਚਾਰਕ ਪ੍ਰੋਗਰਾਮ ਦੇ ਨਾਲ ਨਾਲ ਖਾਣ ਪੀਣ ਦਾ ਵੀ ਵੱਧੀਆ ਇੰਤਜ਼ਾਮ ਸੀ। ਇਸ ਨੂੰ ਸਿਖਿਆਦਾਇਕ ਬਣਾਉਣ ਵਿਚ ਪੰਜਾਬੀ ਕਮਿਉਨਿਟੀ ਸਿਹਤ ਸੇਵਾਵਾਂ ਤੋਂ ਆਏ ਮਾਹਿਰਾਂ ਨੇ ਸ਼ੂਗਰ ਬਿਮਾਰੀ ਬਾਰੇ ਵਧੀਆ ਜਾਣਕਾਰੀ ਦੇ ਕੇ ਵਿਸ਼ੇਸ਼ ਯੋਗਦਾਨ ਪਾਇਆ। ਲੈਕਚਰ, ਗੀਤਾਂ, ਕਵਿਤਾਵਾਂ ਅਤੇ ਔਰਤਾਂ ਵਲੋਂ ਬੜੀ ਮਿਹਨਤ ਨਾਲ ਤਿਆਰ ਕੀਤੇ ਗਿੱਧੇ ਨੇ ਸਭ ਦਾ ਭਰਪੂਰ ਮਨੋਰੰਜਨ ਕੀਤਾ।

ਪ੍ਰੋਗਰਾਮ ਦੇ ਸ਼ੁਰੂ ਵਿਚ ਜਨਰਲ ਸਕੱਤਰ ਤਰਲੋਚਨ ਸਿੰਘ ਬਡਵਾਲ ਨੇ ਕਲੱਬ ਬਾਰੇ ਜਾਣਕਾਰੀ ਦਿੱਤੀ ਅਤੇ ਸਾਰੇ ਸਭ ਨੂੰ ਜੀ ਆਇਆਂ ਕਿਹਾ। ਇਸ ਤੋਂ ਬਾਅਦ ਪੰਜਾਬੀ ਕਮਿਉਨਿਟੀ ਸਿਹਤ ਸੇਵਾਵਾਂ ਤੋਂ ਆਈ ਮਾਹਿਰ ਸਹਿਜਪ੍ਰੀਤ ਕੌਰ ਚਹਿਲ ਨੇ ਸਲਾਇਡਾਂ ਵਿਖਾਉਂਦੇ ਹੋਏ, ਸ਼ੂਗਰ (ਡਾਇਬਟੀਜ) ਦੀ ਬਿਮਾਰੀ ਬਾਰੇ ਬੜੇ ਵਿਸਥਾਰ ਵਿਚ ਦੱਸਿਆ। ਉਸ ਨੇ ਇਸ ਬਿਮਾਰੀ ਦੀਆਂ ਨਿਸ਼ਾਨੀਆਂ, ਹੋਣ ਦੇ ਕਾਰਨ, ਰੋਕਣ ਲਈ ਉਪਾਅ ਅਤੇ ਹੋਣ ਤੇ ਇਸ ਨੂੰ ਕੰਟਰੋਲ ਵਿਚ ਕਿਸ ਤਰ੍ਹਾਂ ਰੱਖਿਆ ਜਾਵੇ ਬਾਰੇ ਅਪਣੇ ਵਿਚਾਰ ਸਾਂਝੇ ਕੀਤੇ। ਉਸ ਦਾ ਕਹਿਣਾ ਸੀ ਕਿ ਬੇਸ਼ੱਕ ਇਹ ਬਿਮਾਰੀ ਖਤਰਨਾਕ ਹੈ, ਪਰ ਖਾਣ ਪੀਣ ਵਿਚੋਂ ਮਿਠੀਆਂ ਚੀਜ਼ਾਂ ਘਟਾਉਣ, ਰੋਜਾਨਾ ਕਸਰਤ ਕਰਨ, ਖਾਸ ਕਰ ਵੱਧ ਤੋਂ ਵੱਧ ਸੈਰ ਕਰਨ ਅਤੇ ਲੋੜ ਅਨੁਸਾਰ ਦਵਾਈ ਵਰਤਣ ਨਾਲ ਇਸ ਬਿਮਾਰੀ ਦੇ ਖਤਰਨਾਕ ਨਤੀਜਿਆਂ ਤੋਂ ਬੱਚਿਆ ਜਾ ਸਕਦਾ ਹੈ। ਉਨ੍ਹਾਂ ਅਪਣੀ ਸ਼ੂਗਰ ਦੇ ਲੈਵਲ ਦਾ ਸਹੀ ਰਿਕਾਰਡ ਰੱਖਣ ਲਈ ਸੰਸਥਾ ਵਲੋਂ ਲਿਆਦੀਆਂ ਨੋਟ ਬੁਕਾਂ ਅਤੇ ਪੈੱਨ ਆਦਿ ਵੀ ਸਰੋਤਿਆਂ ਨੂੰ ਦਿੱਤੇ। ਕਲੱਬ ਦੀ ਆਮਦਨ, ਖਰਚ ਦਾ ਹਿਸਾਬ ਕਿਤਾਬ ਮੀਤ ਪ੍ਰਧਾਨ ਮਿਸਟਰ ਜੇ ਲਾਲ ਨੇ ਵਿਸਥਾਰ ਨਾਲ ਸਾਂਝਾ ਕੀਤਾ। ਰੰਗਾ ਰੰਗ ਪ੍ਰੋਗਰਾਮ ਦਾ ਸੰਚਾਲਨ, ਕਿਰਨ ਲਾਲ ਨੇ ਬਾਖੂਬੀ ਕੀਤਾ। ਇਸ ਵਿਚ ਕਈ ਬਜ਼ੁਰਗਾਂ, ਜਿਨ੍ਹਾਂ ਵਿਚ ਜੀਤ ਕੌਰ, ਬੇਅੰਤ ਕੌਰ, ਪੂਨਮ, ਗੁਰਮੀਤ ਕੌਰ ਫੋਰਮੀ, ਜੇ ਐਸ ਨਾਰੰਗ ਸ਼ਾਮਿਲ ਸਨ, ਨੇ ਵਧੀਆ ਅਵਾਜ਼ ਵਿਚ ਗੀਤ ਗਾਏ। ਗਿੱਧਾ ਇਸ ਪ੍ਰੋਗਰਾਮ ਵਿਚ ਖਾਸ ਤੌਰ ਤੇ ਪਸੰਦ ਕੀਤਾ ਗਿਆ। ਇਸ ਨੂੰ ਚੰਗੇਰਾ ਬਣਾਉਣ ਲਈ ਮਨਜੀਤ ਕੌਰ, ਭੁਪਿੰਦਰ ਕੌਰ, ਦਵਿੰਦਰ ਕੌਰ, ਜੋਗਿੰਦਰ ਕੌਰ, ਸੁਰਿੰਦਰ, ਦਵਿੰਦਰ ਗਰੋਵਰ, ਕਮਲੇਸ਼, ਦਰਸ਼ਨਾ, ਗੁਰਮੀਤ, ਗੁਰਵਿੰਦਰ, ਕਿਰਨ, ਹਰਜਿੰਦਰ ਅਤੇ ਬਲਵੀਰ ਨੇ ਕਈ ਦਿਨ ਮਿਹਨਤ ਨਾਲ ਪ੍ਰੈਕਟਿਸ ਕੀਤੀ, ਵਧੀਆ ਬੋਲੀਆਂ ਚੁਣੀਆਂ ਅਤੇ ਇਸ ਸਮੇਂ ਪਾਈਆਂ। ਦੋ ਬੋਲੀਆਂ ਜਿਨ੍ਹਾਂ ਤੇ ਗਿੱਧਾ ਸਿਖਰਾਂ ਤੇ ਹੋ ਜਾਂਦਾ ਸੀ, ਇਨ੍ਹਾਂ ਵਿਚੋਂ ਉਭਰ ਕੇ ਸਾਹਮਣੇ ਆਈਆਂ:

ਤੇਰੇ ਜਿਹੇ ਨੂੰ ਮੈਂ ਟਿਚ ਨਾ ਜਾਣਦੀ, ਤੇਰਾ ਮੇਰਾ ਬਣਦਾ ਨਾ ਮੇਚ ਮੁੰਡਿਆ, ਤੈਨੂੰ ਮੋਗੇ ਦੀ ਮੰਡੀ ਤੇ ਆਵਾਂ ਵੇਚ ਮੁੰਡਿਆ, ਤੇ ਦੂਜੀ, ਸਾਰੇ ਤਾਂ ਗਹਿਣੇ ਮੇਰੇ ਮਾਪਿਆਂ ਨੇ ਪਾਏ, ਇੱਕੋ ਤਵੀਤ ਇਹਦੇ ਘਰ ਦਾ ਨੀ, ਜਦੋਂ ਲੜਦਾ ਤੇ ਲਾਹਦੇ ਲਾਹਦੇ ਕਰਦਾ ਨੀ

ਕਲੱਬ ਦੇ ਪ੍ਰਧਾਨ ਡਾ ਬਲਜਿੰਦਰ ਸੇਖੋਂ ਨੇ ਪੁਨਰ ਜਨਮ ਬਾਰੇ ਅਪਣੀ ਕਵਿਤਾ ਸਾਂਝੀ ਕੀਤੀ। ਕਲੱਬ ਮੈਂਬਰ ਚੀਫ ਇੰਜਨੀਅਰ ਈਸ਼ਰ ਸਿੰਘ ਨੇ ਜਿੰਦਗੀ ਨੂੰ ਹਸਦਾ ਵਸਦਾ ਰੱਖਣ ਲਈ ਵਧੀਆ ਨੁਕਤੇ ਸਾਂਝੇ ਕੀਤੇ। ਮੈਂਬਰ ਹਰੀ ਸਿੰਘ ਨੇ ਕਲੱਬ ਦੀ ਕਾਰਗੁਜਾਰੀ ਦੀ ਪ੍ਰਸ਼ੰਸਾ ਕੀਤੀ। ਆਖਿਰ ਵਿਚ ਕਲੱਬ ਦੇ ਸਰਪ੍ਰੱਸਤ ਕਰਨਲ ਗੁਰਮੇਲ ਸਿੰਘ ਸੋਹੀ ਨੇ ਸਭ ਦਾ ਧੰਨਵਾਦ ਕੀਤਾ, ਖਾਸ ਕਰ ਪੰਜਾਬੀ ਕਮਿਉਨਿਟੀ ਸਿਹਤ ਸੇਵਾਵਾਂ ਦੇ ਮੁਖੀ ਬਲਦੇਵ ਸਿੰਘ ਮੁਤਾ ਜੀ ਦਾ ਜਿਨ੍ਹਾਂ ਅਪਣੀ ਸੰਸਥਾ ਵਿਚੋਂ ਸ਼ੂਗਰ ਤੇ ਸਿਖਿਆ ਦੇਣ ਲਈ, ਮਾਹਿਰ ਭੇਜੇ। ਕਲੱਬ ਬਾਰੇ ਹੋਰ ਜਾਣਕਾਰੀ ਲਈ ਸਕੱਤਰ ਤਰਲੋਚਨ ਸਿੰਘ ਬਡਵਾਲ (647 960 9841) ਨਾਲ ਸੰਪਰਕ ਕੀਤਾ ਜਾ ਸਕਦਾ ਹੈ।


NEED A LAWYER ??

Red Seal NOTARY

KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



NATURAL HEALTH SOLUTIONS
Over 20 years Homeopathic/Holistic ways case solving experience

HOMEOPATHY / HOLISTIC ਵਿਧੀ ਰਾਹੀਂ ਬਿਮਾਰੀਆਂ ਦਾ ਇਲਾਜ ਕਰਨ ਦਾ 20 ਸਾਲ ਤੋਂ ਵੱਧ ਦਾ ਤਜੁਰਬਾ ।
ABDOMINAL, METABOLIC, SKIN ਅਤੇ ਬੱਚਿਆਂ ਨਾਲ ਸੰਬੰਧਿਤ ਬਿਮਾਰੀਆਂ ਜਿਵੇਂ ਕੇ ਭੁੱਖ ਨਾ ਲੱਗਣਾ ਅਤੇ PSYCOLOGICAL ਸੱਮਸਿਆਵਾਂ ਨੂੰ ਠੀਕ ਕਰਨ ਦਾ ਤਜੁਰਬਾ ।

ਜੇਕਰ ਕਿਤੋਂ ਹੋਰ ਇਲਾਜ ਨਹੀਂ ਹੋਇਆ ਤਾਂ ਸਾਡੇ ਨਾਲ ਸੰਪਰਕ ਕਰੋ -
ਤੁਹਾਡੀ ਭਾਸ਼ਾ ਬੋਲਦੇ - Hindi, Punjabi & English

ASHFAQ AHMAD (M.Sc.)
- Registered Ontario Homeopath
- Holistic Nutritionist
- Certified Herbalist

Phone: 647-779-5904
Address: 8 Camperdown Ave, Etobicoke.
Clinic hours: all appointment basis for client convenience

# ਤਨਜ਼ਾਨੀਆ ਦੀ ਵਿਕਟੋਰੀਆ ਝੀਲ 'ਚ ਯਾਤਰੀ ਜਹਾਜ਼ ਕਰੈਸ਼, 23 ਯਾਤਰੀਆਂ ਨੂੰ ਬਚਾਇਆ ਗਿਆ, 26 ਅਜੇ ਵੀ ਲਾਪਤਾ



ਡੋਡੋਮਾ, 06 ਨਵੰਬਰ (ਪੋਸਟ ਬਿਊਰੋ)- ਐਤਵਾਰ ਨੂੰ ਤਨਜ਼ਾਨੀਆ 'ਚ ਇਕ ਯਾਤਰੀ ਜਹਾਜ਼ ਹਵਾਈ ਲੈਂਡਿੰਗ ਦੌਰਾਨ ਝੀਲ 'ਚ ਹਾਦਸਾਗ੍ਰਸਤ ਹੋ ਗਿਆ। ਪਾਇਲਟ ਨੇ ਪ੍ਰੀਸੀਜ਼ਨ ਏਅਰਲਾਈਨਜ਼ ਦੇ ਘਰੇਲੂ ਜਹਾਜ਼ ਦਾ ਕੰਟਰੋਲ ਉਦੋਂ ਹੀ ਗੁਆ ਦਿੱਤਾ ਜਦੋਂ ਇਹ ਬੁਕੋਬਾ ਵਿੱਚ ਲੈਂਡ ਕਰਨ ਵਾਲਾ ਸੀ। ਇਸ ਤੋਂ ਬਾਅਦ ਹਵਾਈ ਅੱਡੇ ਨੇੜੇ ਝੀਲ 'ਚ ਜਹਾਜ਼ ਕਰੈਸ਼ ਹੋ ਗਿਆ। ਇਸ ਘਟਨਾ ਦੇ ਸਾਹਮਣੇ ਆਉਂਦੇ ਹੀ ਪ੍ਰਸ਼ਾਸਨ ਨੇ ਬਚਾਅ ਕਾਰਜ ਸ਼ੁਰੂ ਕਰ ਦਿੱਤੇ ਹਨ। ਹੁਣ ਤੱਕ 23 ਯਾਤਰੀਆਂ ਨੂੰ ਬਚਾ ਲਿਆ ਗਿਆ ਹੈ ਅਤੇ 26 ਲਾਪਤਾ ਹਨ।

ਜਾਣਕਾਰੀ ਮੁਤਾਬਿਕ ਪ੍ਰੀਸੀਜ਼ਨ ਏਅਰ ਦਾ ਜਹਾਜ਼ ਬੁਕੋਬਾ ਦੇ ਇੱਕ ਹਵਾਈ ਅੱਡੇ 'ਤੇ ਉਤਰਨ ਦੀ ਕੋਸ਼ਿਸ਼ ਕਰਦੇ ਹੋਏ ਵਿਕਟੋਰੀਆ ਝੀਲ ਵਿਚ ਹਾਦਸਾਗ੍ਰਸਤ ਹੋ ਗਿਆ। ਜਹਾਜ਼ 'ਚ ਕੁੱਲ 49 ਯਾਤਰੀ ਸਵਾਰ ਸਨ, ਜਿਨ੍ਹਾਂ 'ਚੋਂ ਹੁਣ ਤੱਕ 23 ਨੂੰ ਬਚਾ ਲਿਆ ਗਿਆ ਹੈ।

ਉਸੇ ਸਮੇਂ, ਖੇਤਰੀ ਪੁਲਿਸ ਕਮਾਂਡਰ ਵਿਲੀਅਮ ਮਵਾਮਪਘਾਲੇ ਨੇ ਬੁਕੋਬਾ ਹਵਾਈ ਅੱਡੇ 'ਤੇ ਪੱਤਰਕਾਰਾਂ ਨੂੰ ਦੱਸਿਆ, "ਇੱਕ ਪ੍ਰਿਸੀਜਨ ਏਅਰ ਦਾ ਜਹਾਜ਼ ਹਾਦਸਾਗ੍ਰਸਤ ਹੋ ਗਿਆ। ਇਹ ਹਵਾਈ ਅੱਡੇ ਤੋਂ ਲਗਭਗ 100 ਮੀਟਰ ਦੂਰ ਇੱਕ ਝੀਲ ਵਿੱਚ ਡਿੱਗ ਗਿਆ। ਬਚਾਅ ਕਾਰਜ ਜਾਰੀ ਹਨ।" ਖੇਤਰੀ ਕਮਿਸ਼ਨਰ ਅਲਬਰਟ ਚਾਲਮੀਲਾ ਨੇ ਕਿਹਾ ਕਿ 39 ਯਾਤਰੀਆਂ, ਦੋ ਪਾਇਲਟ ਅਤੇ ਦੋ ਕੈਬਿਨ ਕਰੂ ਸਮੇਤ 43 ਲੋਕ ਵਿੱਤੀ ਰਾਜਧਾਨੀ ਦਾਰ ਏਸ ਸਲਾਮ ਤੋਂ ਕਾਗੇਰਾ ਖੇਤਰ ਲਈ ਜਹਾਜ਼ ਵਿੱਚ ਸਵਾਰ ਹੋਏ ਸਨ।



ਸਥਾਨਕ ਮੀਡੀਆ 'ਤੇ ਪ੍ਰਸਾਰਿਤ ਵੀਡੀਓ ਫੁਟੇਜ ਵਿਚ ਦਿਖਾਇਆ ਗਿਆ ਹੈ ਕਿ ਜਹਾਜ਼ ਪਾਣੀ ਵਿਚ ਡੁੱਬਿਆ ਹੋਇਆ ਹੈ। ਬਚਾਅ ਟੀਮ ਲੋਕਾਂ ਨੂੰ ਬਚਾਉਣ ਲਈ ਪਾਣੀ ਵਿੱਚੋਂ ਲੰਘ ਰਹੀ ਸੀ। ਐਮਰਜੈਂਸੀ ਕਰਮਚਾਰੀਆਂ ਨੇ ਕ੍ਰੇਨ ਅਤੇ ਰੱਸੀਆਂ ਦੀ ਮਦਦ ਨਾਲ ਜਹਾਜ਼ ਨੂੰ ਪਾਣੀ ਤੋਂ ਬਾਹਰ ਕੱਢਣ ਦੀ ਕੋਸ਼ਿਸ਼ ਕੀਤੀ। ਰਾਸ਼ਟਰਪਤੀ ਸਾਮੀਆ ਸੁਲੁਹੂ ਹਸਨ ਨੇ ਹਾਦਸੇ ਤੋਂ ਪ੍ਰਭਾਵਿਤ ਲੋਕਾਂ ਪ੍ਰਤੀ ਸੰਵੇਦਨਾ ਪ੍ਰਗਟ ਕੀਤੀ ਹੈ।

# ਸੰਯੁਕਤ ਰਾਸ਼ਟਰ 'ਚ ਭਾਰਤ ਨੇ ਰੂਸ ਦੇ ਪੱਖ 'ਚ ਵੋਟਿੰਗ ਕੀਤੀ, ਮਤਾ 105 ਦੇ ਰਿਕਾਰਡ ਵੋਟ ਨਾਲ ਪਾਸ ਹੋਇਆ



ਸੰਯੁਕਤ ਰਾਸ਼ਟਰ, 06 ਨਵੰਬਰ (ਪੋਸਟ ਬਿਊਰੋ)- ਭਾਰਤ ਨੇ ਸੰਯੁਕਤ ਰਾਸ਼ਟਰ ਵਿੱਚ "ਨਾਜ਼ੀਵਾਦ" ਬਾਰੇ ਰੂਸ ਦੇ ਮਤੇ ਦੇ ਪੱਖ ਵਿੱਚ ਵੋਟ ਕੀਤਾ। ਇਸ ਰਣਨੀਤਕ ਤੌਰ 'ਤੇ ਵੋਟਿੰਗ ਕਰਕੇ ਭਾਰਤ ਨੇ ਕਈ ਸੰਦੇਸ਼ ਦਿੱਤੇ ਹਨ। ਖਾਸ ਗੱਲ ਇਹ ਹੈ ਕਿ ਅਮਰੀਕਾ, ਬ੍ਰਿਟੇਨ ਅਤੇ ਆਸਟ੍ਰੇਲੀਆ ਵਰਗੇ ਦੇਸ਼ਾਂ ਨੇ ਇਸ ਪ੍ਰਸਤਾਵ ਦਾ ਸਖਤ ਵਿਰੋਧ ਕੀਤਾ ਸੀ। ਬਹਿਸ ਦੇ ਵਿਚਕਾਰ, ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਦੀ ਤੀਜੀ ਕਮੇਟੀ ਨੇ 105 ਦੇ ਰਿਕਾਰਡ ਵੋਟ ਨਾਲ ਰੂਸ ਦੁਆਰਾ ਨਾਜ਼ੀਵਾਦ ਦੀ ਵਡਿਆਈ ਦਾ ਮੁਕਾਬਲਾ ਕਰਨ ਲਈ ਇੱਕ ਡਰਾਫਟ ਮਤੇ ਨੂੰ ਮਨਜ਼ੂਰੀ ਦਿੱਤੀ।

52 ਦੇਸ਼ ਇਸ ਪ੍ਰਸਤਾਵ ਦੇ ਵਿਰੋਧ ਵਿੱਚ ਰਹੇ ਅਤੇ 25 ਗੈਰਹਾਜ਼ਰ ਰਹੇ। ਭਾਰਤ ਦੇ ਨੁਮਾਇੰਦੇ ਨੇ ਕਿਹਾ, 'ਦੇਸ਼ ਦੇ ਸੰਦਰਭ ਵਿਚ ਆਦਿਵਾਸੀ ਲੋਕਾਂ ਦੀ ਧਾਰਨਾ ਲਾਗੂ ਨਹੀਂ ਹੈ। ਇਹ ਇਸ ਸਮਝ ਨਾਲ ਹੈ ਕਿ ਅਸੀਂ ਮਤੇ ਨੂੰ ਆਪਣਾ ਸਮਰਥਨ ਦਿੰਦੇ ਹਾਂ।" ਅੱਠ ਡਰਾਫਟ ਮਤੇ ਮਨੁੱਖੀ ਅਧਿਕਾਰਾਂ, ਸਾਖਰਤਾ ਦੇ ਅਧਿਕਾਰ ਅਤੇ ਜਿਨਸੀ ਸ਼ੋਸ਼ਣ ਤੋਂ ਬੱਚਿਆਂ ਦੀ ਸੁਰੱਖਿਆ ਤੋਂ ਲੈ ਕੇ ਅਪਰਾਧ ਦੀ ਰੋਕਥਾਮ ਅਤੇ ਅਪਰਾਧਿਕ ਨਿਆਂ ਦੇ ਨਾਲ-ਨਾਲ ਇਨ੍ਹਾਂ ਦਾ ਮੁਕਾਬਲਾ ਕਰਨ ਦੇ ਮਾਮਲਿਆਂ ਨੂੰ ਕਵਰ ਕਰਦੇ ਹਨ।

ਰਸ਼ੀਅਨ ਫੈਡਰੇਸ਼ਨ ਦੇ ਨੁਮਾਇੰਦੇ ਨੇ ਨਸਲਵਾਦੀ ਅਤੇ ਜ਼ੈਨੋਫੋਬਿਕ ਬਿਆਨਬਾਜ਼ੀ ਵਿੱਚ ਵਾਧੇ 'ਤੇ ਚਿੰਤਾ ਪ੍ਰਗਟ ਕੀਤੀ। ਸੰਯੁਕਤ ਰਾਸ਼ਟਰ ਨੇ ਆਪਣੇ ਬਿਆਨ ਵਿੱਚ ਪ੍ਰਵਾਸੀਆਂ, ਸ਼ਰਨਾਰਥੀਆਂ, ਇਸਲਾਮੋਫੋਬੀਆ, ਅਫਰੋਫੋਬੀਆ ਅਤੇ ਯਹੂਦੀ ਵਿਰੋਧੀ ਨੂੰ ਦੇਸ਼ ਨਿਕਾਲਾ ਦੇਣ ਦੀ ਮੰਗ ਕੀਤੀ ਹੈ। ਹਾਲਾਂਕਿ, ਕਈ ਦੇਸ਼ਾਂ ਨੇ ਕਿਹਾ ਕਿ ਰੂਸ ਯੂਕਰੇਨ 'ਤੇ ਆਪਣੇ ਹਮਲੇ ਨੂੰ ਜਾਇਜ਼ ਠਹਿਰਾਉਣ ਲਈ ਨਵ-ਨਾਜ਼ੀਵਾਦ ਦਾ ਸਹਾਰਾ ਲੈ ਰਿਹਾ ਹੈ।

ਯੂਕਰੇਨ ਦੇ ਨੁਮਾਇੰਦੇ ਨੇ ਜ਼ੋਰ ਦੇ ਕੇ ਕਿਹਾ ਕਿ ਡਰਾਫਟ ਵਿੱਚ ਨਾਜ਼ੀਵਾਦ ਅਤੇ ਨਵ-ਨਾਜ਼ੀਵਾਦ ਵਿਰੁੱਧ ਅਸਲ ਲੜਾਈ ਬਾਰੇ ਕੁਝ ਨਹੀਂ ਹੈ। ਆਪਣੀਆਂ ਚਿੰਤਾਵਾਂ ਨੂੰ ਦੱਸਦਿਆਂ ਯੂਨਾਈਟਿਡ ਕਿੰਗਡਮ ਦੇ ਨੁਮਾਇੰਦੇ ਨੇ ਜ਼ੋਰ ਦੇ ਕੇ ਕਿਹਾ ਕਿ ਮਤਾ ਝੂਠ ਅਤੇ ਯੂਕਰੇਨ ਵਿਰੁੱਧ ਆਪਣੇ ਹਮਲੇ ਨੂੰ ਜਾਇਜ਼ ਠਹਿਰਾਉਣ ਦੀ ਮਾਸਕੋ ਦੀ ਕੋਸ਼ਿਸ਼ ਦਾ ਹਿੱਸਾ ਹੈ। ਅਮਰੀਕਾ ਦੇ ਪ੍ਰਤੀਨਿਧੀ ਨੇ ਕਿਹਾ ਕਿ ਰੂਸ ਆਪਣੇ ਭੂ-ਰਾਜਨੀਤਿਕ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਦੂਜੇ ਵਿਸ਼ਵ ਯੁੱਧ ਤੋਂ ਡਰ ਰਿਹਾ ਹੈ। ਆਸਟਰੇਲੀਆ ਦੇ ਪ੍ਰਤੀਨਿਧੀ ਨੇ ਕਿਹਾ ਕਿ ਮਾਸਕੋ ਵੱਲੋਂ ਨਾਜ਼ੀਵਾਦ ਨੂੰ ਹਥਿਆਰ ਵਜੋਂ ਵਰਤਣਾ ਅਸਵੀਕਾਰਨਯੋਗ ਹੈ।

## ਬੇਟੀਆਂ ਆਪਣੇ ਪੁਰਾਣੇ ਡਾਊਨਿੰਗ ਸਟ੍ਰੀਟ ਘਰ ਵਿਚ ਵਾਪਸ ਆ ਕੇ ਬਹੁਤ ਉਤਸ਼ਾਹਿਤ: ਰਿਸ਼ੀ ਸੁਨਕ



ਲੰਡਨ. 06 ਨਵੰਬਰ (ਪੋਸਟ ਬਿਊਰੋ)- ਬ੍ਰਿਟੇਨ ਦੇ ਨਵੇਂ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਆਪਣੇ ਪਰਿਵਾਰ ਸਮੇਤ ਆਪਣੀ ਸਰਕਾਰੀ ਰਿਹਾਇਸ਼ 10 ਡਾਊਨਿੰਗ ਸਟ੍ਰੀਟ ਵਿੱਚ ਸ਼ਿਫਟ ਹੋ ਗਏ ਹਨ। ਸੁਨਕ ਨੇ ਦੱਸਿਆ ਕਿ ਕਿਵੇਂ 10 ਡਾਊਨਿੰਗ ਸਟ੍ਰੀਟ 'ਤੇ ਉਨ੍ਹਾਂ ਦੀ ਜ਼ਿੰਦਗੀ ਅਤੇ ਪਰਿਵਾਰ ਦਾ ਜੀਵਨ ਚੱਲ ਰਿਹਾ ਹੈ। ਦਰਅਸਲ, ਸੁਨਕ 10 ਡਾਊਨਿੰਗ ਸਟ੍ਰੀਟ 'ਤੇ ਉਪਰਲੀ ਮੰਜ਼ਿਲ 'ਤੇ ਇਕ ਫਲੈਟ 'ਚ ਸ਼ਿਫਟ ਹੋ ਗਏ ਹਨ। ਇਸ ਫਲੈਟ ਨੂੰ ਆਮ ਤੌਰ 'ਤੇ ਚਾਂਸਲਰ ਆਫ ਦਾ ਐਕਸਚੈਕਰ (ਯੂ.ਕੇ. ਵਿੱਤ ਮੰਤਰੀ) ਦੀ ਰਿਹਾਇਸ਼ ਵਜੋਂ ਵਰਤਿਆ ਜਾਂਦਾ ਹੈ। ਸੁਨਕ ਨੇ ਕਿਹਾ, 'ਅਕਸ਼ਾ ਅਤੇ ਬੇਟੀਆਂ ਕ੍ਰਿਸ਼ਨਾ-ਅਨੁਸ਼ਕਾ ਇੱਥੇ ਆਉਣ ਲਈ ਬਹੁਤ ਉਤਸ਼ਾਹਿਤ ਹਨ।'

ਰਿਸ਼ੀ ਸੁਨਕ ਨੇ ਇੱਕ ਇੰਟਰਵਿਊ ਵਿੱਚ ਖੁਲਾਸਾ ਕੀਤਾ ਕਿ ਚਾਂਸਲਰ ਜੇਰੇਮੀ ਹੰਟ ਨੰਬਰ 11 ਡਾਊਨਿੰਗ ਸਟ੍ਰੀਟ ਦੇ ਉੱਪਰ ਵੱਡੇ ਫਲੈਟ ਦੀ ਵਰਤੋਂ ਕਰਨਗੇ ਕਿਉਂਕਿ ਉਹ ਤਿੰਨ ਬੱਚਿਆਂ ਦੇ ਨਾਲ ਵਾਧੂ ਜਗ੍ਹਾ ਨੂੰ ਤਰਜੀਹ ਦੇਣਗੇ। ਕਿਉਂਕਿ ਉਨ੍ਹਾਂ ਦੀਆਂ ਧੀਆਂ ਕ੍ਰਿਸ਼ਨਾ-ਅਨੁਸ਼ਕਾ ਨੂੰ ਉਹ ਪੁਰਾਣਾ ਘਰ ਬਹੁਤ ਪਸੰਦ ਹੈ, ਜੋ ਉਨ੍ਹਾਂ ਦੇ ਵਿੱਤ ਮੰਤਰੀ ਦੇ ਕਾਰਜਕਾਲ ਦੌਰਾਨ ਸੀ। ਰਿਸ਼ੀ ਸੁਨਕ ਨੇ ਅਖਬਾਰ ਨੂੰ ਦੱਸਿਆ, 'ਇਹ ਢਾਈ ਸਾਲ ਤੋਂ ਮੇਰਾ ਘਰ ਸੀ। ਜਿੱਥੇ ਅਸੀਂ ਸੀ ਉੱਥੇ ਵਾਪਸ ਆਉਣਾ ਸਾਡੇ ਲਈ ਚੰਗਾ ਹੈ। ਬੱਚੇ ਇਸ ਨੂੰ ਜਾਣਦੇ ਹਨ, ਬੱਚੇ ਇਸ ਨੂੰ ਪਸੰਦ ਕਰਦੇ ਹਨ. ਇਹ ਘਰ ਨੋਵਾ (ਸੁਨਕ ਪਰਿਵਾਰ ਦੇ ਲੈਬਰਾਡੋਰ) ਦਾ ਸੀ।

# ਖੁੱਲ੍ਹੇ ਨਾਲੇ 'ਚ ਡਿੱਗਣ ਕਾਰਨ 11 ਸਾਲਾ ਬੱਚੇ ਦੀ ਮੌਤ



ਨਵੀਂ ਦਿੱਲੀ, 06 ਨਵੰਬਰ (ਪੋਸਟ ਬਿਊਰੋ)- ਫਰੀਦਾਬਾਦ 'ਚ ਖੁੱਲ੍ਹੇ ਨਾਲੇ 'ਚ ਡਿੱਗਣ ਨਾਲ 11 ਸਾਲਾ ਬੱਚੇ ਦੀ ਮੌਤ ਹੋ ਗਈ। ਬੱਚੇ ਦੇ ਪਿਤਾ ਦੀ ਸ਼ਿਕਾਇਤ 'ਤੇ ਥਾਣਾ ਡਬੂਆ ਵਿਖੇ ਨਗਰ ਨਿਗਮ ਦੇ ਐਸਡੀਓ ਨਵੀਨ ਕੁਮਾਰ, ਜੇਈ ਅਤੇ ਮੌਜੂਦਾ ਕੌਂਸਲਰ ਖ਼ਿਲਾਫ਼ ਕਤਲ ਦਾ ਕੇਸ ਦਰਜ ਕੀਤਾ ਗਿਆ ਹੈ। ਬੱਚੇ ਦਾ ਪੋਸਟਮਾਰਟਮ ਕਰਵਾ ਕੇ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ ਗਈ ਹੈ।

ਇਹ ਮਾਮਲਾ ਬੀਤੀ ਰਾਤ ਫਰੀਦਾਬਾਦ ਦਾ ਹੈ। ਤੀਜੀ ਜਮਾਤ ਦਾ ਵਿਦਿਆਰਥੀ ਕੁਨਾਲ ਰਾਤ ਕਰੀਬ ਸਾਢੇ 10 ਵਜੇ ਦੁਕਾਨ 'ਤੇ ਕੁਝ ਸਾਮਾਨ ਲੈਣ ਗਿਆ ਸੀ। ਉੱਥੇ ਉਹ ਖੁੱਲ੍ਹੇ ਨਾਲੇ ਵਿੱਚ ਡਿੱਗ ਗਿਆ। ਕੁਨਾਲ ਨੂੰ ਖੁੱਲ੍ਹੇ ਨਾਲੇ 'ਚੋਂ ਬਾਹਰ ਕੱਢ ਕੇ ਹਸਪਤਾਲ ਲਿਜਾਇਆ ਗਿਆ। ਉਥੇ ਡਾਕਟਰ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਅੱਜ ਪੋਸਟਮਾਰਟਮ ਤੋਂ ਬਾਅਦ ਲਾਸ਼ ਪਰਿਵਾਰ ਵਾਲਿਆਂ ਨੂੰ ਸੌਂਪ ਦਿੱਤੀ ਗਈ।

ਪੁਲੀਸ ਅਨੁਸਾਰ ਕੁਝ ਲੋਕਾਂ ਨੇ ਬੱਚੇ ਦੇ ਪਰਿਵਾਰਕ ਮੈਂਬਰਾਂ ਨੂੰ ਉਕਸਾਇਆ ਅਤੇ ਬੱਚੇ ਦੀ ਲਾਸ਼ ਸੜਕ 'ਤੇ ਰੱਖ ਕੇ ਜਾਮ ਲਗਾ ਦਿੱਤਾ। ਇਸ ਸਬੰਧੀ ਨਾਮਜ਼ਦ ਕੀਤੇ ਗਏ ਕੁਝ ਮੁਲਜ਼ਮਾਂ ਖ਼ਿਲਾਫ਼ ਸੜਕ ਜਾਮ ਕਰਨ, ਜਾਮ ਲਗਾਉਣ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕਰਕੇ ਕਾਰਵਾਈ ਕੀਤੀ ਗਈ ਹੈ। ਮੌਕੇ 'ਤੇ ਪੁੱਜੇ ਡੀਸੀਪੀ ਐਨਆਈਟੀ ਨਰਿੰਦਰ ਕਾਦਿਆਨ ਨੇ ਪਰਿਵਾਰਕ ਮੈਂਬਰਾਂ ਨੂੰ ਸਮਝਾਇਆ, ਜਿਸ ਤੋਂ ਬਾਅਦ ਰਸਤਾ ਖੋਲ੍ਹਿਆ ਗਿਆ।

# ਟਵਿੱਟਰ ਨੇ 8 ਡਾਲਰ ਬਲੂ ਟਿਕ ਵੈਰੀਫਿਕੇਸ਼ਨ ਸੇਵਾ ਕੀਤੀ ਸ਼ੁਰੂ

## *ਅਜੇ ਕੁੱਝ ਦੇਸ਼ਾਂ ਵਿਚ ਹੋਈ ਲਾਗੂ



ਨਵੀਂ ਦਿੱਲੀ, 06 ਨਵੰਬਰ (ਪੋਸਟ ਬਿਊਰੋ)- ਟਵਿਟਰ ਨੇ ਅੱਜ ਤੋਂ ਅੱਠ ਡਾਲਰ ਵਿੱਚ ਬਲੂ ਟਿੱਕ ਵੈਰੀਫਿਕੇਸ਼ਨ (ਟਵਿਟਰ ਬਲੂ ਵਿਦ ਵੈਰੀਫਿਕੇਸ਼ਨ) ਸੇਵਾ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧੀ ਟਵਿਟਰ ਦੇ ਨਵੇਂ ਬੌਸ ਐਲੋਨ ਮਸਕ ਨੇ ਕੁਝ ਦਿਨ ਪਹਿਲਾਂ ਐਲਾਨ ਕੀਤਾ ਸੀ। ਹਾਲਾਂਕਿ ਵਰਤਮਾਨ ਵਿੱਚ ਇਹ ਸਿਰਫ ਕੁਝ ਖੇਤਰਾਂ ਵਿੱਚ ਆਈਫੋਨ ਲਈ ਉਪਲਬਧ ਹੈ। ਵਰਤਮਾਨ ਵਿੱਚ, ਬਲੂ ਟਿੱਕ ਲਈ ਵੈਰੀਫਿਕੇਸ਼ਨ ਦੀ ਸਹੂਲਤ ਸਿਰਫ ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਯੂਕੇ ਲਈ ਆਈਫੋਨ 'ਤੇ ਉਪਲਬਧ ਹੈ। ਇਸ ਦੇ ਨਾਲ ਹੀ ਟਵਿਟਰ ਨੇ ਨਵੇਂ ਫੀਚਰਸ ਬਾਰੇ ਵੀ ਐਲਾਨ ਕੀਤਾ ਹੈ।

ਆਈਫੋਨ 'ਤੇ ਟਵਿੱਟਰ ਐਪ 'ਤੇ ਤਾਜ਼ਾ ਅਪਡੇਟ ਵਿੱਚ ਮਾਈਕ੍ਰੋਬਲਾਗਿੰਗ ਵੈੱਬਸਾਈਟ ਨੇ ਕਿਹਾ, "ਅੱਜ ਤੋਂ ਅਸੀਂ ਟਵਿੱਟਰ ਬਲੂ ਅਤੇ ਆਉਣ ਵਾਲੇ ਹੋਰ ਬਹੁਤ ਸਾਰੇ ਨਵੇਂ ਫੀਚਰਸ ਨੂੰ ਜੋੜ ਰਹੇ ਹਾਂ।" ਜੇਕਰ ਤੁਸੀਂ ਹੁਣੇ ਸਾਈਨ ਅੱਪ ਕਰੋ ਤਾਂ ਟਵਿਟਰ ਬਲੂ $7.99 ਪ੍ਰਤੀ ਮਹੀਨਾ ਵਿੱਚ ਪ੍ਰਾਪਤ ਕਰੋ। 'ਟਵਿੱਟਰ ਨੇ ਕਿਹਾ, 'ਬਲੂ ਚੈੱਕਮਾਰਕ: ਲੋਕਾਂ ਨੂੰ ਸ਼ਕਤੀ। ਤੁਹਾਡੇ ਖਾਤੇ ਵਿੱਚ ਇੱਕ ਨੀਲਾ ਚੈੱਕਮਾਰਕ ਮਿਲੇਗਾ, ਜਿਵੇਂ ਕਿ ਮਸ਼ਹੂਰ ਹਸਤੀਆਂ, ਕੰਪਨੀਆਂ ਅਤੇ ਰਾਜਨੇਤਾਵਾਂ ਨੂੰ ਤੁਸੀਂ ਪਹਿਲਾਂ ਹੀ ਫਾਲੋ ਕਰਦੇ ਹੋ।

ਟਵਿੱਟਰ ਨੇ ਕੁਝ ਨਵੀਆਂ ਵਿਸ਼ੇਸ਼ਤਾਵਾਂ ਬਾਰੇ ਸੰਖੇਪ ਵਿੱਚ ਦੱਸਿਆ ਹੈ, ਜੋ ਜਲਦੀ ਹੀ ਪ੍ਰਮਾਣਿਤ ਖਾਤਿਆਂ ਲਈ ਰੋਲ ਆਊਟ ਹੋਣਗੀਆਂ। ਕੰਪਨੀ ਨੇ ਕਿਹਾ, "ਜਲਦੀ ਆ ਰਿਹਾ ਹੈ, ਅੱਧੇ ਵਿਗਿਆਪਨ ਅਤੇ ਬਹੁਤ ਵਧੀਆ। ਤੁਸੀਂ ਬੋਟਸ ਦੇ ਖਿਲਾਫ ਲੜਾਈ ਵਿੱਚ ਟਵਿੱਟਰ ਦਾ ਸਮਰਥਨ ਕਰ ਰਹੇ ਹੋ, ਇਸ ਲਈ ਬਦਲੇ ਵਿੱਚ ਅਸੀਂ ਤੁਹਾਨੂੰ ਅੱਧੇ ਵਿਗਿਆਪਨ ਦੇਣ ਜਾ ਰਹੇ ਹਾਂ ਅਤੇ ਉਹਨਾਂ ਨੂੰ ਦੁੱਗਣਾ ਢੁਕਵਾਂ ਬਣਾਵਾਂਗੇ।"

ਇਸ ਤੋਂ ਇਲਾਵਾ, ਕੰਪਨੀ ਨੇ ਕਿਹਾ, "ਲੰਬੇ ਵੀਡੀਓਜ਼ ਪੋਸਟ ਕਰੋ: ਤੁਸੀਂ ਆਖਰਕਾਰ ਟਵਿੱਟਰ 'ਤੇ ਲੰਬੇ ਵੀਡੀਓ ਪੋਸਟ ਕਰਨ ਦੇ ਯੋਗ ਹੋਵੋਗੇ। ਗੁਣਵੱਤਾ ਵਾਲੀ ਸਮੱਗਰੀ ਲਈ ਤਰਜੀਹ ਦਰਜਾਬੰਦੀ: ਤੁਹਾਡੀ ਸਮੱਗਰੀ ਨੂੰ ਜਵਾਬਾਂ, ਜ਼ਿਕਰਾਂ ਅਤੇ ਖੋਜਾਂ ਵਿੱਚ ਤਰਜੀਹੀ ਦਰਜਾਬੰਦੀ ਮਿਲੇਗੀ।

Steinmetz & Associates
PERSONAL INJURY LAWYERS



Harry Steinmetz
Certified as Specialist
by the Law Society of
Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

# ਮਨੁੱਖੀ ਤਸਕਰੀ ਦਾ ਮਾਮਲਾ, ਨੌਕਰੀ ਦਿਵਾਉਣ ਦੇ ਨਾਂ 'ਤੇ ਕੀਤਾ ਅੰਨ੍ਹਾ, ਫਿਰ ਭਿਖਾਰੀ ਗਿਰੋਹ ਨੂੰ ਵੇਚਿਆ



ਕਾਨਪੁਰ, 06 ਨਵੰਬਰ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਕਾਨਪੁਰ 'ਚ ਮਨੁੱਖੀ ਤਸਕਰੀ ਦਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਨੌਕਰੀ ਦੀ ਤਲਾਸ਼ 'ਚ ਘੁੰਮ ਰਹੇ ਇਕ ਵਿਅਕਤੀ ਨੂੰ ਨੌਕਰੀ ਦਿਵਾਉਣ ਦੇ ਨਾਂ 'ਤੇ ਪਹਿਲਾਂ ਕੈਮੀਕਲ ਨਾਲ ਅੰਨ੍ਹਾ ਕੀਤਾ ਗਿਆ ਅਤੇ ਫਿਰ ਉਸ ਵਿਅਕਤੀ ਨੂੰ ਦਿੱਲੀ ਦੇ ਉਸ ਗਿਰੋਹ ਕੋਲ ਵੇਚ ਦਿੱਤਾ ਗਿਆ। ਜੋ ਲੋਕਾਂ ਨੂੰ ਭਿਖਾਰੀ ਬਣਾਉਂਦੇ ਹਨ। ਇਸ ਵਿਅਕਤੀ ਨੂੰ ਭਿਖਾਰੀ ਬਣਾਉਣ ਵਾਲੇ ਗਿਰੋਹ ਨੂੰ 70,000 ਰੁਪਏ ਵਿਚ ਵੇਚ ਦਿੱਤਾ ਗਿਆ ਸੀ, ਜਿਨ੍ਹਾਂ ਨੇ ਉਸ ਨੂੰ ਅੰਨ੍ਹਾ ਕਰ ਦਿੱਤਾ ਸੀ, ਪਰ ਤਸ਼ੱਦਦ ਕਾਰਨ ਉਸ ਦੀ ਸਿਹਤ ਵਿਗੜਨ ਤੋਂ ਬਾਅਦ, ਉਸ ਨੂੰ ਕਾਨਪੁਰ ਭੇਜ ਦਿੱਤਾ ਗਿਆ, ਜਿੱਥੇ ਕਿਸੇ ਤਰ੍ਹਾਂ ਅੰਨ੍ਹਾ ਪੀੜਤ ਆਪਣੇ ਘਰ ਪਹੁੰਚ ਗਿਆ। ਰਾਹਗੀਰ ਹੁਣ ਇਸ ਮਾਮਲੇ 'ਚ ਥਾਣਾ ਸਦਰ 'ਚ 3 ਵਿਅਕਤੀਆਂ ਖਿਲਾਫ ਨਾਮਜ਼ਦ ਮਾਮਲਾ ਦਰਜ ਕਰਕੇ ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਪੁਲਸ ਕੋਲ ਦਰਜ ਕਰਵਾਈ ਸ਼ਿਕਾਇਤ ਅਨੁਸਾਰ 30 ਸਾਲਾ ਸੁਰੇਸ਼ ਮਾਂਝੀ ਵਾਸੀ ਨੌਬਸਤਾ ਰਵਿੰਦਰਾ ਨਗਰ, ਕਾਨਪੁਰ, ਜੋ ਕਿ ਨੌਕਰੀ ਦੀ ਭਾਲ ਵਿੱਚ ਭਟਕ ਰਿਹਾ ਸੀ, ਨੂੰ ਵਿਜੇ (ਮਛੇਰੀਆ ਪਿੰਕ ਬਿਲਡਿੰਗ ਵਾਸੀ) ਨਾਮਕ ਵਿਅਕਤੀ ਨੇ ਫੋਨ ਕੀਤਾ। ਉਸ ਨੂੰ ਕੰਮ ਦਿਵਾਉਣ ਦੇ ਬਹਾਨੇ ਝਕੜਕਾਟੀ ਪੁਲ ਦੇ ਹੇਠਾਂ ਡਿੱਗ ਗਿਆ ਅਤੇ ਉਸ ਨੂੰ ਬੰਧਕ ਬਣਾ ਲਿਆ ਗਿਆ ਅਤੇ ਫਿਰ ਕੁੱਟਮਾਰ ਕਰਕੇ ਉਸ ਦੇ ਹੱਥਾਂ-ਪੈਰਾਂ ਦੇ ਪੰਜੇ ਤੋੜ ਦਿੱਤੇ। ਇਸ ਤੋਂ ਬਾਅਦ ਵਿਜੇ ਨੇ ਉਸ ਦੀਆਂ ਅੱਖਾਂ 'ਚ ਕੈਮੀਕਲ ਪਾ ਕੇ ਉਸ ਨੂੰ ਅੰਨ੍ਹਾ ਕਰ ਦਿੱਤਾ ਅਤੇ ਉਸ ਦੇ ਸਰੀਰ 'ਤੇ ਕਈ ਥਾਵਾਂ 'ਤੇ ਦਾਗ ਵੀ ਲਗਾਏ।

ਐਫਆਈਆਰ ਦੇ ਅਨੁਸਾਰ, ਮੁਲਜ਼ਮਾਂ ਨੇ ਫਿਰ ਇਸਨੂੰ ਦਿੱਲੀ ਵਿੱਚ ਇੱਕ ਭਿਖਾਰੀ ਗਿਰੋਹ ਦੇ ਆਗੂ ਰਾਜ ਨੂੰ 70,000 ਰੁਪਏ ਵਿੱਚ ਵੇਚ ਦਿੱਤਾ। ਉਥੇ ਤਸ਼ੱਦਦ ਕਾਰਨ ਸੁਰੇਸ਼ ਦੀ ਸਿਹਤ ਵਿਗੜ ਗਈ ਤਾਂ ਗਿਰੋਹ ਦੇ ਮੁਖੀ ਨੇ ਦੋ ਮਹੀਨੇ ਪਹਿਲਾਂ ਉਸ ਨੂੰ ਮੁਲਜ਼ਮ ਵਿਜੇ ਸਮੇਤ ਕਾਨਪੁਰ ਭੇਜ ਦਿੱਤਾ। ਉਦੋਂ ਤੋਂ ਹੀ ਵਿਜੇ ਉਸ ਨੂੰ ਸ਼ਹਿਰ ਵਿੱਚ ਹੀ ਭੁੱਖਾ-ਪਿਆਸਾ ਰੱਖ ਕੇ ਭੀਖ ਮੰਗ ਰਿਹਾ ਸੀ।

ਕੀ ਤੁਸੀਂ ਕਰਜ਼ੇ ਵਿੱਚ ਹੋ?



ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?
BOOK YOUR FREE CONSULTATION
ਹੁਣ ਘਬਰਾਉਣ ਦੀ ਜ਼ਰੂਰਤ ਨਹੀਂ ਹੁਣ ਗੋਮਾ ਸੰਧੂ ਕਰਨਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਨਗੇ
ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382
-Collection Calls
-Personal Taxes
-GST/HST
-Credit Card Debts
-Personal Loans
-Pay Day Loans
-Student Loans
-Wage Garnishment
-Writ on your property
-Frozen Bank Accounts
CONTACT US:
Goma Sandhu
(416)-731-6382
gomasandhu@hotmail.com
WE HELP...
-Save your Assets
-Avoid Bankruptcy
-Small monthly payments
-Rebuild your credit
YOUR DEBT $ MY SOLUTION

## ਤੇਲੰਗਾਨਾ ਉਪ-ਚੋਣਾਂ ਟੀਆਰਐਸ ਨੇ ਜਿੱਤੀਆਂ

ਹੈਦਰਾਬਾਦ, 06 ਨਵੰਬਰ (ਪੋਸਟ ਬਿਊਰੋ)- ਤੇਲੰਗਾਨਾ ਦੇ ਨਲਗੋਂਡਾ ਜ਼ਿਲ੍ਹੇ ਦੀ ਮੁਨੁਗੋਡੇ ਵਿਧਾਨ ਸਭਾ ਸੀਟ 'ਤੇ ਹੋਈਆਂ ਉਪ ਚੋਣਾਂ ਦੇ ਨਤੀਜੇ (ਤੇਲੰਗਾਨਾ ਉਪ-ਚੋਣ ਨਤੀਜੇ) ਆ ਗਏ ਹਨ। ਤੇਲੰਗਾਨਾ ਵਿੱਚ ਸੱਤਾਧਾਰੀ ਟੀਆਰਐਸ ਨੇ ਐਤਵਾਰ ਨੂੰ ਹਾਈ-ਵੋਲਟੇਜ ਮੁਨੁਗੋਡੇ ਵਿਧਾਨ ਸਭਾ ਹਲਕੇ ਦੀ ਉਪ ਚੋਣ ਜਿੱਤ ਲਈ, ਪਰ ਉਪ ਚੋਣ ਦੀ ਅਸਲ ਕਹਾਣੀ ਕਾਂਗਰਸ ਦੀ ਸੀ। ਕਾਂਗਰਸ ਕਦੇ ਤੇਲੰਗਾਨਾ ਵਿੱਚ ਆਪਣੀ ਚੋਣ ਸ਼ਕਤੀ ਦਾ ਇੱਕ ਵੱਡਾ ਸਰੋਤ ਸੀ। ਸਾਬਕਾ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਅਕਸਰ ਤੇਲੰਗਾਨਾ ਦੇ ਗਠਨ ਦਾ ਸਿਹਰਾ ਦਿੱਤਾ ਜਾਂਦਾ ਹੈ। ਇੱਥੋਂ ਤੱਕ ਕਿ ਟੀਆਰਐਸ ਨੇਤਾ ਅਤੇ ਮੁੱਖ ਮੰਤਰੀ ਕੈਸੀਆਰ ਭੀਮੰਗੋਡੇ ਵਿਧਾਨ ਸਭਾ ਸੀਟ ਤੋਂ ਟੀਆਰਐਸ ਉਮੀਦਵਾਰ ਕੁਸੁਕੁੰਤਲਾ ਪ੍ਰਭਾਕਰ ਰੈੱਡੀ ਨੇ ਸਖ਼ਤ ਮੁਕਾਬਲੇ ਵਿੱਚ ਆਪਣੇ ਨੇੜਲੇ ਭਾਜਪਾ ਵਿਰੋਧੀ ਕੋਮਾਤੀਰੇਡੀ ਰਾਜ ਗੋਪਾਲ ਰੈਡੀ ਨੂੰ 10000 ਤੋਂ ਵੱਧ ਵੋਟਾਂ ਨਾਲ ਹਰਾਇਆ।

# ਸਿੱਖ ਧਾਰਮਿਕ ਅਸਥਾਨਾਂ ਦਾ ਹਾਲ ਅਤੇ ਬੇ-ਅਕਲੇ ਜੱਥੇਦਾਰ

ਗੁਰੂ ਦੁਆਰੈ ਹੋਇ ਸੋਝੀ ਪਾਇਸੀ ॥ ਏਤੁ ਦੁਆਰੈ ਧੋਇ ਹਛਾ ਹੋਇਸੀ॥ ਅੱਜ-ਕੱਲ੍ਹ ਸਾਡੇ ਧਰਮ ਕਮਾਉਣ ਵਾਲੇ ਅਸਥਾਨ ਸੋਝੀ ਦੇਣ ਦੀ ਥਾਂ ਸਗੋਂ ਅਗਿਆਨਤਾ ਵੰਡ ਰਹੇ ਹਨ। ਇਹ ਅਸਥਾਨ ਹੁਣ ਸਮਾਜਕ ਰੀਤਾਂ-ਰਿਵਾਜ਼ਾਂ ਨਿਭਾਉਣ ਦੇ ਅਸਥਾਨ ਬਣ ਚੁੱਕੇ ਹਨ ਜਿਵੇਂ ਵਿਆਹ ਦੀ ਰਸਮ, ਮਰਨੇ ਦੀ ਰਸਮ, ਜਨਮ ਤੋਂ ਬਾਅਦ ਨਾਮ ਕਰਨ ਦੀ ਰਸਮ ਅਤੇ ਸੁਖਣਾ ਸੁੱਖਣ ਦੀ ਥਾਂ ਅਤੇ ਸੁੱਖਣਾ ਪੂਰੀ ਹੋਣ ਤੇ ਚੜਾਵਾ ਚੜਾਉਣ ਦੀ ਥਾਂ। ਜਿਨ੍ਹਾਂ ਰੀਤੀ ਰਿਵਾਜ਼ਾਂ ਅਤੇ ਸਰਕਾਰੀ ਅਵਾਜਾਂ ਨੂੰ ਬਾਬਾ ਜੀ ਦੀਆਂ ਅੱਖਾਂ ਟਿਚ ਕਰਕੇ ਜਾਣਦੀਆਂ ਅੱਜ ਅਸੀਂ ਆਪ ਉਨ੍ਹਾਂ ਅੱਖਾਂ ਮੂਹਰੇ ਪਰਦਾ ਕਰਕੇ ਸਗੋਂ ਬਾਬਾ ਜੀ ਨੂੰ ਹੀ ਸ਼ੀਸ਼ਾ ਵਿਖਾਉਣ ਦਾ ਯਤਨ ਕੀਤਾ ਹੋਇਆ ਕਿ ਅਸੀਂ ਤੇਰੀ ਸਿੱਖੀ ਨੂੰ ਇਸ ਤਰ੍ਹਾਂ ਮੰਨਣਾ ਠੀਕ ਤੇ ਤੁਹਾਡੀ ਸਿਖਿਆ ਗਲਤ ਹੈ। ਇਹ ਹੈ ਪੰਡਿਤਵਾਦ-ਬ੍ਰਹਮਣਵਾਦ ਦੀ ਸੋਚ ਦਾ ਕਮਾਲ।

ਸ਼ੁਰੂਆਤ ਤਾਂ ਇਸ ਦੀ ਗੁਰੂ ਬਾਬਾ ਨਾਨਕ ਜੀ ਦੇ ਵੇਲੇ ਤੋਂ ਹੀ ਸ਼ੁਰੂ ਹੋ ਗਈ ਸੀ ਜਦੋਂ ਬਾਬਾ ਜੀ ਨੇ 13-14 ਸਾਲ ਦੀ ਉਮਰ ਵਿਚ ਜਨੇਊ ਪਾਉਣ ਤੋਂ ਇਨਕਾਰ ਕਰ ਦਿੱਤਾ ਸੀ। ਜਦੋਂ ਗੁਰੂ ਜੀ ਨੇ ਪੰਡਿਤ ਨੂੰ ਸਵਾਲ ਕੀਤਾ ਕਿ; ਸਲੋਕੁ ਮਃ ੧ ॥ ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥ ਏਹੁ ਜਨੇਊ ਜੀਅ ਕਾ ਹਈ ਤਾ ਪਾਡੇ ਘਤੁ ॥ ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥ ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥ ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ ॥ ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ ॥ ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ ॥੧॥ {ਪੰਨਾ 471}॥ ਆਹ ਚਾਰ ਕੌਡੀਆਂ ਦਾ ਧਾਗਾ ਮੁੱਲ ਲਿਆ ਕੇ, ਮੇਰੇ ਗਲ ਵਿਚ ਪਾ ਕੇ, ਕੰਨ ਵਿਚ ਉਪਦੇਸ਼ ਦਿੰਦਾ ਹੈਂ ਕਿ ਅੱਜ ਤੋਂ ਤੇਰਾ ਗੁਰੂ ਬ੍ਰਾਹਮਣ ਹੋਇਆ ਪਰ ਮੈਨੂੰ ਇਹ ਸਵੀਕਾਰ ਨਹੀਂ। ਮੈਨੂੰ ਤਾਂ ਦਇਆ, ਸੰਤੋਖ ਤੇ ਜਤ ਨਾਲ ਓਤ-ਪੋਤ ਜਨੇਊ ਚਾਹੀਦਾ ਹੈ ਜਿਹੜਾ ਨਾ ਟੁੱਟਦਾ ਹੈ ਨਾ ਮੈਲਾ ਹੁੰਦਾ ਹੈ, ਨਾ ਹੀ ਪੁਰਾਣਾ ਹੁੰਦਾ ਤੇ ਨਾ ਹੀ ਜਲਦਾ ਹੈ। ਐਸਾ ਜਨੇਊ ਜੇ ਤੇਰੇ ਕੋਲ ਹੈ ਤਾਂ ਮੇਰੇ ਗਲ ਪਾ। ਐਸੀ ਸਥਿਤੀ ਵਿਚ ਬ੍ਰਾਹਮਣ ਦੀ ਖਾਨਿਓ ਗਈ ਤੇ ਉਸ ਨੇ ਉਸੇ ਵਕਤ ਇਹ ਧਾਰਣ ਕਰ ਲਿਆ ਕਿ ਇਹ ਬਾਲਕ ਸਾਡੀਆਂ ਜੜ੍ਹਾਂ ਵੱਡੇਗਾ ਤੇ ਇਸਦਾ ਇਲਾਜ਼ ਹੁਣੇ ਤੋਂ ਕਰਨਾ ਪਵੇਗਾ।

ਸ਼੍ਰੋ.ਗੁ.ਪ੍ਰ.ਕਮੇਟੀ ਅੰਮ੍ਰਿਤਸਰ ਬਣਾਈ ਤਾਂ ਸਿੱਖ ਪੰਥ ਦੇ ਨਿਆਰੇਪਨ ਨੂੰ ਬਚਾਉਣ ਲਈ ਸੀ ਪਰ 1925 ਵਿਚ ਗੁਰਦਵਾਰਾ ਐਕਟ ਬਣਦਿਆਂ ਸਾਰ ਹੀ ਇਸ ਨੂੰ ਕਾਬੂ ਕਰ ਲਿਆ ਗਿਆ। ਸਰਕਾਰੀ ਮਨਜ਼ੂਰੀ ਤੋਂ ਬਗੈਰ ਇਸ ਦੇ ਇਜ਼ਲਾਸ ਸੱਦਣੇ ਮਨਾਹ, ਇਸ ਦੀ ਚੋਣ ਕਰਾਉਣੀ ਮਨਾਹ, ਅਕਾਲ ਤਖਤ ਦੇ ਜੱਥੇਦਾਰ ਦੀ ਨਿਯੁਕਤੀ ਮਨਾਹ ਆਦਿ। ਸਿੱਖ ਧਰਮ ਨਾਲ ਸਬੰਧਿਤ ਪੁਸਤਕਾਂ ਵਿਚ ਹੀ ਸਿੱਖ ਧਰਮ ਦੇ ਉਲਟ ਜਾਂ ਕਹਿ ਲਓ ਨਿਖੇਦੀ ਕੀਤੀ ਗਈ ਜੋ ਇਨ੍ਹਾਂ ਸਰਬਰਾਹਾਂ ਦੇ ਧਿਆਨ ਵਿਚ ਵੀ ਲਿਆਂਦਾ ਗਿਆ ਪਰ ਕਿਸੇ ਦੇ ਕੰਨ ਤੇ ਜੂ ਨਹੀਂ ਸਰਕੀ। ਇਤਹਾਸ ਨਾਲ ਸਬੰਧਿਤ ਕਿਤਾਬਾਂ ਵਿਚ ਵੀ ਸਿੱਖ ਗੁਰੂ ਸਹਿਬਾਨ ਦੀ ਵੀਚਾਰਧਾਰਾ ਦੇ ਉਲਟ ਲਿਖ ਕੇ ਅਤੇ ਗੁਰੂ ਸਹਿਬਾਨ ਨੂੰ ਹੀ ਚੋਰ-ਡਾਕੂ ਲਿਖ ਕੇ ਅੰਮ੍ਰਿਤਸਰ ਕਮੇਟੀ ਵਲੋਂ ਹੀ ਛਾਪ ਕੇ ਵੰਡਿਆ ਗਿਆ। ਇਤਰਾਜ ਹੋਣ ਤੇ ਫਿਰ ਵਾਪਸ ਵੀ ਲਿਆ ਗਿਆ ਪਰ ਜੋ ਕਿਸੇ ਦੇ ਹੱਥੀਂ ਲੱਗਾ ਉਹ ਵਾਪਸ ਕਿਵੇਂ ਲਿਆ ਜਾਵੇਗਾ? ਇਸੇ ਹੀ ਤਰ੍ਹਾਂ ਜੋਗਿੰਦਰ ਸਿੰਘ ਵੇਦਾਂਤੀ ਅਤੇ ਡਾ. ਅਮਰਜੀਤ ਸਿੰਘ ਵਲੋਂ ਗੁਰ-ਬਲਾਸ ਪਾਤਸ਼ਾਹੀ ਛੇਵੀਂ ਗੋਲਕ ਦੀ ਮਾਇਆ ਨਾਲ ਛਾਪੀ ਗਈ, ਵੰਡੀ ਤੇ ਵੇਚੀ ਵੀ ਗਈ। ਸਿਰਦਾਰ ਗੁਰਬਖਸ਼ ਸਿੰਘ ਕਾਲਾ ਅਫਗਾਨਾ ਦੇ ਲੇਖਾਂ ਨੇ, ਜੋ ਸਪੋਕਸਮੈਨ ਚੰਡੀਗੜ੍ਹ ਵਿਚ ਛਪੇ, ਇਸ ਕਿਤਾਬ ਦੀਆਂ ਧੱਜੀਆਂ ਉਡਾ ਦਿੱਤੀਆਂ। ਫਿਰ ਮਜ਼ਬੂਰਨ ਜੋਗਿੰਦਰ ਸਿੰਘ ਵੇਦਾਂਤੀ ਨੂੰ ਇਹ ਕਿਤਾਬ ਵਾਪਸ ਲੈਣੀ ਪਈ। ਪਰ ਅਫਸੋਸ ਇਸ ਗੱਲ ਦਾ ਕਿ ਪਹਿਲੇ ਕੁੱਝ ਪੰਨਿਆਂ ਦੀ ਬਦਲੀ ਕਰਕੇ ਮੁੜ ਤੋਂ ਇਹੀ ਸਿੱਖ ਫਲਸਫੇ ਦਾ ਘਾਤ ਕਰਨ ਵਾਲੀ ਕਿਤਾਬ ਸਿੱਖਾਂ ਦੇ ਘਰ-ਘਰ ਪਹੁੰਚਾ ਦਿੱਤੀ ਗਈ।

ਦੋ ਕੁ ਦਿਨ ਪਹਿਲਾਂ ਬਰੈਂਪਟਨ ਦੇ ਇਕ ਪੰਜਾਬੀ ਕੈਦੀ ਦਾ, ਜਿਸ ਨੂੰ ਸਿੰਘ ਸਭਾ ਇੰਟਰਨੈਸ਼ਨਲ ਬਰੈਂਪਟਨ ਕਿਤਾਬਾਂ ਭੇਜਦੀ ਰਹਿੰਦੀ ਹੈ, ਜੇਲ ਵਿਚੋਂ ਫੂਨ ਆਇਆ। ਜਿਸ ਨੇ ਦੱਸਿਆ ਕਿ ਓਨਟੈਰੀਓ ਦਾ ਕੋਈ ਇਕ ਵੀ ਐਸਾ ਗੁਰਦਾਵਾਰਾ ਐਸਾ ਨਹੀਂ ਜੋ ਸਾਨੂੰ ਕੈਦੀਆਂ ਨੂੰ, ਸਰਕਾਰੀ ਅਫਸਰਾਂ ਦੀ ਨਿਗਰਾਨੀ ਹੇਠ, ਮੱਥਾ ਟੇਕਣ ਆਉਣ ਦੀ ਇਜ਼ਾਜਤ ਦਿੰਦਾ ਹੋਵੇ ਸਿਵਾਏ ਰੈਕਸਡੇਲ ਗੁਰਦਵਾਰੇ ਦੇ ਜੋ 'ਕਨੇਡੀਅਨ ਟਾਇਰ' ਵਾਲੀ ਬਿਲਡਿੰਗ ਵਿਚ ਬਣਿਆ ਹੋਇਆ ਹੈ। ਕੀ ਗੁਰਦਵਾਰਿਆਂ ਨੂੰ ਚਲਾਉਣ ਵਾਲਿਆਂ ਦੀ ਇਹ ਸੋਚ ਗੁਰੂ ਨਾਨਕ ਪਾਤਸ਼ਾਹ ਦੇ 'ਨਿਰਮਲ ਪੰਥ' ਵਾਲੀ ਸੋਚ ਹੈ? ਜਦੋਂ ਕਿ ਗੁਰੂ ਨਾਨਕ ਪਾਤਸ਼ਾਹ ਤਾਂ ਜਾਂਦੇ ਹੀ ਚੋਰਾਂ-ਡਾਕੂਆਂ, ਪੰਡਿਤਾਂ, ਮੁੱਲਾਂ-ਮੌਲਾਣਿਆਂ, ਜੋਗੀਆਂ ਅਤੇ ਹੋਰ ਕਈ ਕਿਸਮ ਦੇ ਵਿਗੜੇ ਹੋਏ ਲੋਕਾਂ ਕੋਲ ਹਨ। ਜਿਸ 'ਕੌਡੇ ਰਾਕਸ਼' ਨੂੰ ਅਸੀਂ ਅੱਜ ਵੀ 'ਕੌਡਾ ਰਾਕਸ਼' ਕਰਕੇ ਪੁਕਾਰਦੇ ਹਾਂ ਉਹ ਗੁਰੂ ਨਾਨਕ ਪਿਤਾ ਦਾ ਪਹਿਲਾ ਸਿੱਖ ਪ੍ਰਚਾਰਕ ਹੋਇਆ ਹੈ। ਭੂਮੀਆ ਚੋਰ, ਸੱਜਣ ਠੱਗ, ਭਾਈ ਬਿਧੀ ਚੰਦ ਅਤੇ ਹੋਰ ਅਨੇਕਾਂ ਜਿਹੜੇ ਸਮਾਜ ਲਈ ਕਲੰਕ ਸਨ ਉਹ, ਗੁਰੂ ਸਹਿਬਾਨ ਦੇ ਪ੍ਰਚਾਰ ਦੀ ਬਦੌਲਤ, ਸਮਾਜ ਸੁਧਾਰਕ ਹੋ ਨਿਬੜੇ। ਕਾਰਣ ਕਿਹੜੇ ਹੋ ਸਕਦੇ ਹਨ ਜਿਸ ਕਰਕੇ ਸਿੱਖਾਂ ਦੇ ਧਾਰਮਿਕ ਅਸਥਾਨ ਕੈਦੀਆਂ ਨੂੰ ਆਉਣ ਤੋਂ ਰੋਕਦੇ ਹਨ। ਕੈਦੀਆਂ ਕੋਲ ਖਾਲੀ ਬਟੂਆ ਅਤੇ ਵਰਦੀਧਾਰੀ ਪੁਲਸ ਕਰਮਚਾਰੀਆਂ ਦਾ ਗੁਰਦਵਾਰੇ ਵਿਚ ਆਉਣਾ ਹੀ ਪ੍ਰਬੰਧਕਾਂ ਨੂੰ ਮਸੀਬਤ ਲੱਗਦੀ ਹੈ ਜਦੋਂ ਕਿ ਇਹ ਕੇਂਦਰ 'ਸੁਧਾਰ ਘਰ' ਦਾ ਰੋਲ ਨਿਭਾਉਣ ਦੇ ਯੋਗ ਹਨ।

'ਸੁਧਾਰ ਘਰ' ਇਹ ਗੁਰਦਵਾਰੇ ਤਾਂ ਹੀ ਬਣਦੇ ਜੇ ਸਾਡੇ ਹੋ ਨਿਬੜੇ ਅਤੇ ਅੱਜ ਦੇ ਜੱਥੇਦਾਰ ਸਿਆਣੇ, ਯੋਗ ਤੇ ਇਮਾਨ ਵਾਲੇ ਹੁੰਦੇ। ਇਮਾਨ ਦੇ ਤਾਂ ਇਹ ਕੋਲ ਦੀ ਵੀ ਨਹੀਂ ਲੰਘਦੇ। ਮੁਕਤਸਰ ਵਿਚ ਧਾਰਮਿਕ ਸਮਾਗਮਾਂ ਵੇਲੇ ਮੰਜੇ ਤੇ ਕੜੇ-ਕਛਿਹਰੇ ਰੱਖ ਕੇ ਵੇਚਣ ਵਾਲਾ ਗੁਰਬਚਨ ਸਿੰਘ ਜੱਥੇਦਾਰ ਲੱਗੇਗਾ ਤਾਂ ਸਿੱਖ ਕੌਮ ਦਾ ਹਾਲ ਇਹੀ ਹੋਣਾ ਹੈ ਜੋ ਅੱਜ ਅਸੀਂ ਵੇਖ ਰਹੇ ਹਾਂ। ਉਂਝ ਉਹ ਆਪਣੇ ਆਪ ਨੂੰ ਸਰਬੋਤਮ ਮੰਨਦਾ ਇਹੀ ਕਹਿੰਦਾ ਹੈ ਕਿ ਮੈਂ ਕਿਸੇ ਸਰਕਾਰੀ ਤੰਤਰ ਦੇ ਪੇਸ਼ ਨਹੀਂ ਹੋਣਾ ਪਰ ਬੇਈਮਾਨੀ ਨਾਲ ਤਿੰਨ ਤਾਰਾ ਹੋਟਲ ਮੁਕਤਸਰ 'ਚ ਜ਼ਰੂਰ ਉਸਾਰ ਸਕਦਾ ਹਾਂ। ਇਵੇਂ ਹੀ ਅੱਜ ਵਾਲਾ ਗਿਆਨੀ ਹਰਪ੍ਰੀਤ ਸਿੰਘ ਜੱਥੇਦਾਰ ਭਾਰਤ ਦੇ ਪ੍ਰਧਾਨ ਮੰਤਰੀ ਦੀ ਕਰੋੜਾਂ ਰੁਪੀਆਂ ਨਾਲ ਬਣਾਈ ਜਾਣ ਵਾਲੀ "ਹਵਾਈ ਰੱਸੀ", ਜੋ ਹੇਮਕੁੰਟ ਨੂੰ ਜਾਣ ਵਾਲੇ ਰਸਤੇ ਨੂੰ ਸੁਖੱਲਾ ਬਣਾਵੇਗੀ, ਦੀ ਤਾਰੀਫ ਕਰਦਾ ਥੱਕਦਾ ਨਹੀਂ ਜਦੋਂ ਕਿ ਇਸ 'ਹੇਮਕੁੰਟ' ਨਾਲ ਸਿੱਖ ਗੁਰੂ ਸਾਹਿਬਾਨ ਦਾ ਦੂਰ ਦਾ ਵਾਸਤਾ ਵੀ ਨਹੀਂ। ਜੇ ਇਸਦਾ ਕੋਈ ਵਾਸਤਾ ਹੈ ਤਾਂ ਭਗਵਤ ਪੁਰਾਨ ਦੇ ਦਸਵੇਂ ਸਕੰਧ ਮੁਤਾਬਕ ਪਾਂਡਵ ਰਾਜਿਆਂ ਦਾ ਹੈ ਜਿਨ੍ਹਾਂ ਨੇ ਦੇਸ ਨਿਕਾਲੇ ਸਮੇਂ ਇਥੇ ਬੈਠ ਕੇ ਯੋਗ ਕਮਾਇਆ ਸੀ। ਇਹ ਸਾਰਾ ਬਿਤਾਂਤ ਭਗਵਤ ਪੁਰਾਣ ਵਿਚੋਂ ਲੈ ਕੇ ਬਚਿਤ੍ਰ ਨਾਟਕ ਗ੍ਰੰਥ ਵਿਚ ਦਰਜ਼ ਕਰ ਲਿਆ ਗਿਆ ਤੇ ਹੌਲੀ-ਹੌਲੀ ਇਸੇ ਬਚਿਤ੍ਰ ਨਾਟਕ ਦਾ ਨਾਮ ਬਦਲ ਕੇ 1812 ਵਿਚ ਦਸਵੇਂ ਪਾਤਸ਼ਾਹ ਕਾ ਗ੍ਰੰਥ ਬਣਾ ਧਰਿਆ ਤੇ ਇਸੇ ਨੂੰ ਹੀ ਹੁਣ "ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ" ਬਣਾ ਦਿੱਤਾ ਗਿਆ ਹੈ। ਜੱਥੇਦਾਰ ਹਰਪ੍ਰੀਤ ਸਿੰਘ ਜੀ ਜਵਾਬ ਦੇਣ ਦੇ ਤਾਂ ਤੁਸੀਂ ਕਾਬਲ ਵੀ ਨਹੀਂ ਹੋ ਪਰ ਮੈਂ ਫਿਰ ਵੀ ਪੁੱਛ ਲੈਂਦਾ ਹਾਂ ਕਿ ਸਿੱਖ ਗੁਰੂ ਸਹਿਬਾਨ ਦੀ ਗੁਰਬਾਣੀ ਦੀ ਕਿਹੜੀ ਪੰਗਤੀ ਹੈ ਜੋ ਸਾਨੂੰ 'ਹੇਮਕੁੰਟ" ਨਾਲ ਜੋੜਦੀ ਹੈ? ਜਾਂ ਕਿਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਇਸ 'ਹੇਮਕੁੰਟ' ਦੇ ਸਥਾਨ ਤੇ ਗਏ? ਜਾਂ ਗੁਰੂ ਗੋਬਿੰਦ ਸਿੰਘ ਜੀ ਨੇ ਜਿਉਂਦੇ ਜੀਅ ਕਿਸੇ ਆਪਣੇ ਸਿੱਖ ਨੂੰ ਇਹ ਦੱਸਿਆ ਸੀ ਕਿ ਮੈਂ ਫਲਾਣੇ ਪ੍ਰਬਤ ਤੇ ਫਲਾਣੇ ਸਮੇਂ ਤਪੱਸਿਆ ਕੀਤੀ ਸੀ? ਜਿਸ ਤਪੱਸਿਆ ਨੂੰ ਗੁਰਬਾਣੀ ਮੂਲੋਂ ਹੀ ਕੱਟਦੀ ਹੈ ਕੀ ਗੁਰੂ ਗੋਬਿੰਦ ਸਿੰਘ ਜੀ ਉਸ ਸਿਧਾਂਤ ਦੇ ਉਲਟ ਜਾ ਕੇ ਲੋਕਾਂ ਨੂੰ ਉਪਦੇਸ਼ ਦੇਣਗੇ? ਮੈਨੂੰ ਪਤਾ ਹੈ ਜਵਾਬ ਤਾਂ ਤੁਹਾਡੇ ਕੋਲ ਹੈ ਹੀ ਨਹੀਂ ਕਿਉਂਕਿ ਤੁਹਾਡੀ ਲਿਆਕਤ ਦਾ ਪਤਾ ਉਦੋਂ ਚੱਲ ਗਿਆ ਸੀ ਜਦੋਂ ਤੁਸੀਂ 'ਕੁਰਾਨ ਸ਼ਰੀਫ' ਦਾ ਉਲੱਥਾ ਕਰਦੇ ਸਮੇਂ ਇਸ ਦੇ ਨਾਮ ਨੂੰ ਹੀ ' ਪਵਿਤਰ ਕੁਰਆਨ' ਬਦਲ ਛੱਡਿਆ। ਜਿਹੜਾ ਰਾਰੇ ਨੂੰ ਕੰਨਾ ਲੱਗਿਆ ਹੈ ਉਹ ਅੱਧੇ ਐੜੇ ਦੀ ਅਵਾਜ਼ ਕੱਢਦਾ ਹੈ। ਤੁਹ-ਾਡਾ ਉਹ ਹਾਲ ਹੈ ਜਿਵੇਂ ਚੂਹੇ ਨੂੰ ਲੱਭੀ ਸੁੰਡ ਦੀ ਗੰਡੀ ਤੇ ਉਹ ਪਨਸਾਰੀ ਬਣ ਬੈਠਾ।

ਆਓ ਹੁਣ ਆਪਾਂ ਵੀਚਾਰੀਏ ਕਿ ਹੋਣਾ ਕੀ ਚਾਹੀਦਾ ਹੈ। " ਗੁਰੂ ਕੀ ਗੋਲਕ ਗਰੀਬ ਦਾ ਮੂੰਹ" ਜੇਕਰ ਜਿਤਨੇ ਵੀ ਗੁਰਦਵਾਰੇ ਹਨ ਉਹ ਇਸ ਮੁਹਾਵਰੇ ਮੁਤਾਬਕ ਕੰਮ ਕਰਨਾ ਸ਼ੁਰੂ ਕਰ ਦੇਣ ਤਾਂ ਆਉਣ ਵਾਲੇ 10-20 ਸਾਲਾਂ ਵਿਚ ਜਿਤਨੇ ਵੀ ਗਰੀਬ ਸਿੱਖ ਹਨ ਅਤੇ ਲਾਲਚ 'ਚ ਆ ਕੇ ਧਰਮ ਪ੍ਰੀਵਰਤਨ ਕਰ ਰਹੇ ਹਨ ਉਹ ਹਟ ਜਾਣਗੇ, ਸੰਭਲ ਜਾਣਗੇ ਅਤੇ ਗਰੀਬਾਂ ਦੀ ਗਰੀਬੀ ਖਤਮ ਹੋ ਜਾਵੇਗੀ। ਗਰੀਬੀ ਹੀ ਦੁਨੀਆਂ ਦੀ ਸੱਭ ਤੋਂ ਵੱਡੀ ਬਿਮਾਰੀ ਹੈ। ਜੇਕਰ ਅਸੀਂ ਸਿੱਖ ਕੌਮ ਅਤੇ ਹੋਰ ਗਰੀਬਾਂ ਦੀ ਤੰਦਰੁਸਤੀ ਦੀ ਅਰਦਾਸ ਕਰਦੇ ਸੱਭ ਦਾ ਭਲਾ ਮੰਗਦੇ ਹਾਂ ਤਾਂ ਸਾਨੂੰ ਇਸ ਦਿਸ਼ਾ ਵੱਲ ਕਦਮ ਪੁੱਟਣੇ ਪੈਣਗੇ । ਭਲਾ ਮੰਗਣ ਨਾਲ ਭਲਾ ਨਹੀਂ ਹੋਣ ਲੱਗਾ ਤੇ ਕਿਸੇ ਦਾ ਬੁਰਾ ਮੰਗਿਆਂ ਵੀ ਬੁਰਾ ਨਹੀਂ ਹੁੰਦਾ ਤਾਂ ਸਾਨੂੰ ਭਲਾ ਕਰਨ ਵੱਲ ਵੱਧਣਾ ਚਾਹੀਦਾ ਹੈ। ਜਦੋਂ ਹੀ ਗੋਲਕ ਗਰੀਬ ਦਾ ਮੂੰਹ ਬਣ ਜਾਵੇਗੀ ਤਦੋਂ ਹੀ ਗੁਰਦਵਾਰਿਆਂ ਵਿਚ ਕੁਰਸੀ ਦੀ ਲੜਾਈ ਮੁੱਕ ਜਾਵੇਗੀ, ਚੌਧਰ ਦੀ ਭੁੱਖ ਵੀ ਮਿੱਟ ਜਾਵੇਗੀ। ਉਦੋਂ ਹੀ ਇਨ੍ਹਾਂ ਗੁਰਦਵਾਰਿਆਂ ਦੇ ਦਰਵਾਜੇ ਸੱਭ ਲਈ ਖੁਲ੍ਹ ਜਾਣਗੇ।

*-ਗੁਰਚਰਨ ਸਿੰਘ ਜਿਉਣ ਵਾਲਾ*
*+647 966 3132*

## ਮਿੱਠੀ ਬੋਲਬਾਣੀ : ਬਹੁਤ ਚੰਗਾ ਗੁਣ



ਹਰ ਕਿਸੇ ਇਨਸਾਨ ਦੀ ਬੋਲਬਾਣੀ ਉਸ ਦੀ ਪਹਿਚਾਣ , ਉਸਦੀ ਸ਼ਖ਼ਸੀਅਤ , ਰੁਤਬੇ ਅਤੇ ਉਸ ਦੇ ਵਿਹਾਰ ਦੀ ਹਾਮੀ ਭਰਦੀ ਹੈ।ਚੰਗੀ ਬੋਲਬਾਣੀ ਹਮੇਸ਼ਾ ਸਾਹਮਣੇ ਵਾਲੇ ਵਿਅਕਤੀ 'ਤੇ ਚੰਗਾ ਪ੍ਰਭਾਵ ਪਾਉਂਦੀ ਹੈ ਅਤੇ ਸਕਾਰਾਤਮਕ ਸਥਿਤੀ ਪੈਦਾ ਕਰਦੀ ਹੈ। ਜੇਕਰ ਸਾਡੀ ਬੋਲਬਾਣੀ ਵਿੱਚ ਮਿਠਾਸ , ਨਿਮਰਤਾ ਅਤੇ ਮੁਸਕੁਰਾਹਟ ਸ਼ਾਮਿਲ ਹੋਵੇ ਤਾਂ ਇਹ ਦੂਸਰਿਆਂ 'ਤੇ ਜਾਦੂ ਵਾਂਗ ਅਸਰ ਕਰ ਜਾਂਦੀ ਹੈ। ਇਹ ਬੋਲਬਾਣੀ ਹੀ ਹੈ ਜੋ ਮਨੁੱਖ ਨੂੰ ਕਾਮਯਾਬੀ ਦੀਆਂ ਬੁਲੰਦੀਆਂ ਤੱਕ ਪਹੁੰਚਾ ਜਾਂਦੀ ਹੈ।ਮਿੱਠੀ ਅਤੇ ਸਲੀਕੇ ਭਰੀ ਬੋਲਬਾਣੀ ਹਰ ਕਿਸੇ ਇਨਸਾਨ ਦੀ ਸ਼ਖ਼ਸੀਅਤ ਨੂੰ ਚਾਰ ਚੰਨ ਲਾ ਦਿੰਦੀ ਹੈ।ਅਜਿਹੇ ਸ਼ਬਦ ਸੁਣਨ ਲਈ ਹਰ ਕੋਈ ਤਤਪਰ ਰਹਿੰਦਾ ਹੈ।ਮਿੱਠੀ ਬੋਲਬਾਣੀ ਸ਼ੁਭਤਾ ਦਾ ਸੰਕੇਤ ਹੈ। ਇਹ ਹਰ ਥਾਂ ਸਾਡੀ ਵਡਿਆਈ ਕਰਵਾਉਂਦੀ ਹੈ। ਇਸ ਨਾਲ ਸੰਸਾਰ ਵਿੱਚ ਵਿਅਕਤੀ ਦੀ ਪ੍ਰਸਿੱਧੀ ਹੁੰਦੀ। ਜੇਕਰ ਇਨਸਾਨ ਹਰ ਕਿਸੇ ਨਾਲ ਸਲੀਕੇ , ਤਰੀਕੇ ਅਤੇ ਮਿਠਾਸ ਨਾਲ ਪੇਸ਼ ਆਵੇ ਤੇ ਮਿੱਠੀ ਬੋਲਬਾਣੀ ਨਾਲ ਵਿਹਾਰ ਕਰੇ ਤਾਂ ਅਜਿਹਾ ਇਨਸਾਨ ਹਰ ਥਾਂ ਹਰਮਨ ਪਿਆਰਾ ਹੋ ਜਾਂਦਾ ਹੈ ਅਤੇ ਹਰ ਕੋਈ ਉਸ ਨੂੰ ਸੁਣਨ ਲਈ ਚਾਹਵਾਨ ਵੀ ਹੁੰਦਾ ਹੈ।ਅਜਿਹੇ ਇਨਸਾਨ ਦੇ ਸਾਰੇ ਕੰਮ ਜਲਦੀ ਅਤੇ ਅੱਧ ਬੋਲੇ 'ਤੇ ਹੋ ਜਾਂਦੇ ਹਨ। ਇਸ ਲਈ ਸਾਨੂੰ ਜੀਵਨ ਵਿੱਚ ਹਮੇਸ਼ਾਂ ਨਿਮਰਤਾ , ਸਲੀਕੇ , ਤਰੀਕੇ ਅਤੇ ਪਿਆਰ ਭਰੀ ਬੋਲਬਾਣੀ ਦਾ ਸਹਾਰਾ ਲੈ ਕੇ ਸਭ ਦੇ ਦਿਲਾਂ 'ਤੇ ਰਾਜ ਕਰਨਾ ਚਾਹੀਦਾ ਹੈ ਅਤੇ ਸਭ ਦੇ ਹਰਮਨ ਪਿਆਰੇ ਬਣਨਾ ਚਾਹੀਦਾ ਹੈ।

*-ਰਜਨੀ ਧਰਮਾਣੀ*
*ਸ੍ਰੀ ਅਨੰਦਪੁਰ ਸਾਹਿਬ*

## ਵਾਲਾਂ ਦੀ ਹਰ ਸਮੱਸਿਆ ਤੋਂ ਮੁਕਤੀ ਲਈ ਵਰਤੋ ਇਹ ਘਰੇਲੂ ਨੁਸਖੇ

ਹਰ ਇੱਕ ਕੁੜੀ ਦੀ ਪਸੰਦ ਉਸ ਦੇ ਵਾਲ ਹੁੰਦੇ ਹਨ। ਉਹ ਆਪਣੇ ਵਾਲਾਂ ਨੂੰ ਖੂਬਸੂਰਤ ਬਣਾਉਣ ਲਈ ਹਰ ਤਰ੍ਹਾਂ ਦੀ ਕੋਸ਼ਿਸ਼ ਕਰਦੀਆਂ ਹਨ। ਮਹਿੰਗੇ ਸ਼ੈਂਪੂ ਦੀ ਵਰਤੋਂ ਕਰਦੀਆਂ ਹਨ, ਫਿਰ ਵੀ ਵਾਲਾਂ ਦੀਆਂ ਸਮੱਸਿਆਵਾਂ ਖਤਮ ਨਹੀਂ ਹੁੰਦੀਆਂ। ਅੱਜ ਅਸੀਂ ਤੁਹਾਨੂੰ ਵਾਲਾਂ ਦੀਆਂ ਸਮੱਸਿਆਵਾਂ ਨੂੰ ਖਤਮ ਕਰਨ ਲਈ ਕੁਝ ਘਰੇਲੂ ਨੁਸਖੇ ਦੱਸਾਂਗੇ ,:

* ਵਾਲਾਂ ਨੂੰ ਝੜਨ ਜਾਂ ਟੁੱਟਣ ਤੋਂ ਬਚਾਉਣ ਲਈ ਨਿੰਬੂ ਦੇ ਰਸ ਵਿਚ ਦੋ ਗੁਣਾਂ ਨਾਰੀਅਲ ਦਾ ਤੇਲ ਰਲਾ ਕੇ ਉਂਗਲੀਆਂ ਨਾਲ ਸਿਰ ਵਿੱਚ ਮਾਲਿਸ਼ ਕਰੋ।
* ਰੀਠੇ ਦਾ ਸ਼ੈਂਪੂ ਸਿੱਕਰੀ ਦੂਰ ਕਰਨ ਲਈ ਫਾਇਦੇਮੰਦ ਹੈ, ਵਾਲ ਟੁੱਟਦੇ ਹੋਣ ਤਾਂ ਸਾਬਣ ਨਾ ਵਰਤੋਂ, ਰੀਠਿਆਂ ਨਾਲ ਧੋਵੋ, ਜੇ ਵਾਲ ਫਿਰ ਵੀ ਟੁੱਟਣ ਤਾਂ ਹਰ ਚੌਥੇ ਦਿਨ ਵਾਲ ਧੋਵੋ।
* ਨਾਰੀਅਲ ਦਾ ਤੇਲ ਅਤੇ ਕਪੂਰ ਦੋਵੇਂ ਰਲਾ ਕੇ ਸ਼ੀਸ਼ੀ ਵਿੱਚ ਰੱਖ ਲਓ, ਸਿਰ ਧੋਣ ਪਿੱਛੋਂ ਜਦ ਵਾਲ ਸੁੱਕ ਜਾਣ ਅਤੇ ਰਾਤੀਂ ਸੌਣ ਤੋਂ ਪਹਿਲਾਂ ਸਿਰ ਉੱਤੇ ਖੂਬ ਮਾਲਿਸ਼ ਕਰੋ।
* ਇੱਕ ਚਮਚ ਆਂਵਲੇ ਦਾ ਚੂਰਨ ਕੋਸੇ ਪਾਣੀ ਨਾਲ ਸੌਣ ਸਮੇਂ ਲਵੋ, ਵਾਲ ਚਿੱਟੇ ਹੋਣੋਂ ਬੰਦ ਹੋ ਜਾਣਗੇ, ਚਿਹਰੇ ਦੀ ਚਮਕ ਲਈ ਵੀ ਇਹ ਲਾਭਦਾਇਕ ਹੈ।
* ਕਾਲੀ ਮਹਿੰਦੀ ਪਾਣੀ ਵਿੱਚ ਘੋਲ ਕੇ ਰਾਤ ਦੇ ਸਮੇਂ ਲਾਓ, ਸਵੇਰੇ ਸਿਰ ਧੋ ਲਓ, ਇਸ ਨਾਲ ਸਾਰੇ ਵਾਲ ਜੜ ਤੱਕ ਕਾਲੇ ਹੋ ਜਾਣਗੇ।
* ਵਾਲ ਧੋਣ ਤੋਂ ਪਹਿਲਾਂ ਇੱਕ ਨਿੰਬੂ ਕੱਟ ਕੇ ਲਾਉਣ ਨਾਲ ਸਿਰ ਹਲਕੇ ਗਰਮ ਪਾਣੀ ਨਾਲ ਧੋਣ ਨਾਲ ਸਿਕਰੀ ਖਤਮ ਹੋ ਜਾਂਦੀ ਹੈ।
* ਜੂੰਆਂ ਮਾਰਨ ਲਈ ਪਿਆਜ਼ ਦਾ ਰਸ ਵਾਲਾਂ ਉੱਤੇ ਤਿੰਨ-ਚਾਰ ਘੰਟੇ ਲੱਗਿਆ ਰਹਿਣ ਦਿਓ। ਫਿਰ ਸਾਬਣ ਨਾਲ ਧੋਵੋ। ਤਿੰਨ ਦਿਨ ਲਗਾਤਾਰ ਇਸ ਤਰ੍ਹਾਂ ਕਰਨ ਨਾਲ ਜੂੰਆਂ ਮਰ ਜਾਂਦੀਆਂ ਹਨ।
* ਨਾਰੀਅਲ ਦੇ ਤੇਲ ਵਿੱਚ ਕਪੂਰ ਦਾ ਚੂਰਨ ਮਿਲਾ ਕੇ ਰਾਤ ਨੂੰ ਵਾਲਾਂ ਵਿੱਚ ਲਗਾਓ, ਸਵੇਰੇ ਵਾਲ ਕਿਸੇ ਚੰਗੇ ਸ਼ੈਂਪ ਨਾਲ ਧੋ ਲਵੋ।
* ਜੂੰਆਂ ਅਤੇ ਲੀਖਾਂ ਮਾਰਨ ਲਈ ਲੱਸਣ ਦੇ ਰਸ ਵਿੱਚ ਨਿੰਬੂ ਦਾ ਰਸ ਮਿਲਾ ਕੇ ਇਸ ਨਾਲ ਸਿਰ ਅਤੇ ਵਾਲਾਂ ਦੀ ਮਸਾਜ਼ ਕਰੋ ਅਤੇ ਕੱਪੜਾ ਬੰਨ੍ਹ ਦਿਓ। ਜੂੰਆਂ, ਲੀਖਾਂ ਨਹੀਂ ਲੱਭਣਗੀਆਂ। ਫਿਰ ਬਾਅਦ ਵਿੱਚ ਵੇਸਣ, ਦਹੀਂ, ਸਾਬਣ ਨਾਲ ਵਾਲ ਧੋ ਲਵੋ।
* ਬਾਥੂ ਦਾ ਰਸ ਵਾਲਾਂ ਵਿੱਚ ਲਗਾਉਣ ਨਾਲ ਵੀ ਜੂੰਆਂ ਅਤੇ ਲੀਖਾਂ ਖਤਮ ਹੋ ਜਾਂਦੀਆਂ ਹਨ।
* ਫੁੱਲ ਗੋਭੀ ਅਤੇ ਪੱਤਾਗੋਭੀ ਦੀ ਸਬਜ਼ੀ ਖਾਂਦੇ ਰਹਿਣ ਨਾਲ ਵਲਾ ਟੁੱਟਣੋਂ ਹਟ ਜਾਂਦੇ ਹਨ।
* ਵਾਲਾਂ ਦੀ ਟੁੱਟ-ਭੱਜ ਅਤੇ ਗੰਜਾਪਣ ਦੂਰ ਕਰਨ ਲਈ ਕੌੜੇ ਪਰਮਲ ਦੇ ਪੱਤੇ ਪੀਸ ਕੇ ਲੇਪ ਬਣਾਓ ਅਤੇ ਵਾਲਾਂ ਦੀਆਂ ਜੜ੍ਹਾਂ ਵਿੱਚ ਮਾਲਿਸ਼ ਕਰੋ। ਵਾਲਾਂ ਦੀ ਟੁੱਟ-ਭੱਜ ਅਤੇ ਗੰਜਾਪਣ ਦੂਰ ਹੋ ਜਾਵੇਗਾ।


ਪੰਜਾਬੀ ਪੋਸਟ CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ।ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422, ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

## ਕੇਅਰ ਗਿਵਰ ਦੀ ਲੋੜ



ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**

## ਫੀਮੇਲ ਹਾਊਸਕੀਪਰ ਦੀ ਲੋੜ

ਮਾਰਖਮ ਹਾਊਸ, ਜਿਸ ਵਿਚ ਕ੍ਰਿਸ਼ਨਾ ਮੰਦਰ ਹੈ, ਲਈ ਫੁਲ ਟਾਈਮ ਲਿਵ ਇਨ ਫੀਮੇਲ ਹਾਊਸਕੀਪਰ ਦੀ ਲੋੜ ਹੈ। ਘਰ ਪੂਰੀ ਤਰ੍ਹਾਂ ਸ਼ਾਕਾਹਾਰੀ ਹੈ, ਇੱਥੋਂ ਤੱਕ ਕਿ ਪਿਆਜ ਅਤੇ ਲਹਿਸਣ ਦੀ ਵਰਤੋਂ ਦੀ ਵੀ ਆਗਿਆ ਨਹੀਂ ਹੈ। ਕੰਮ ਦੇ ਵਿਚ ਖਾਣਾ ਬਣਾਉਣਾ, ਸਾਫ-ਸਫਾਈ ਅਤੇ ਸਾਰੇ ਘਰ ਦੀ ਵਧੀਆ ਤਰੀਕੇ ਨਾਲ ਸੰਭਾਲ ਕਰਨੀ ਸ਼ਾਮਲ ਹਨ। ਹਾਊਸਕੀਪਰ ਨੂੰ ਘਰ ਦੇ ਮੈਂਬਰ ਵਾਂਗ ਰੱਖਿਆ ਜਾਵੇਗਾ। ਚਾਹਵਾਨ ਕ੍ਰਿਪਾ ਕਰਕੇ vbsharma@vbsharma.ca ਉਤੇ ਅਪਲਾਈ ਕਰਨ। ਫੋਨ ਨੰਬਰ 416-292-4431 ext. 224 ਉਤੇ 3 ਵਜੇ ਤੋਂ ਬਾਅਦ ਸੰਪਰਕ ਕਰ ਸਕਦੇ ਹਨ।


A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days & Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

Urgently Need New Listings in Brampton/Caledon
visit: www.teamjagaujla.com
Call JAG AUJLA
MCNE, REAL ESTATE BROKER
DIR: 416-371-7777
j.aujla@rogers.com www.jagaujla.com

CALL JAG FOR A QUICK & FREE HOME EVALUATION
www BramptonTopRealtor.com www BramptonTopAgent.com
URGENTLY NEED NEW LISTINGS IN THIS AREA
RECENTLY LISTED/SOLD IN YOUR NEIGHBOURHOOD BY JAG AUJLA

HOUSE FOR LEASE IN CALEDON
KENNEDY/ NEW HOUSE/ DOUGALL AVE.
- 2500-3000 sq feet ਦਾ Detached ਘਰ
- $3,700/month (4 ਬੈੱਡਰੂਮ + 1 ਡੇਨ+ 4 ਵਾਸ਼ਰੂਮ)
- ਮੇਨ ਫਲੋਰ ਤੇ 10 ਫੁੱਟ ਦੀ ਸੀਲੀਂਗ
- 2nd ਫਲੋਰ ਤੇ 9 ਫੁੱਟ ਦੀ ਸੀਲੀਂਗ
- ਪੂਰਾ ਘਰ $4700/month with unfurnished ਬੇਸਮੇਂਟ
- HWY 410, ਸਕੂਲ, ਬਸ ਸਟੋਪ ਅਤੇ ਪਲਾਜੇ ਦੇ ਨੇੜੇ
- 1ਸਾਲ ਦੀ Lease, Credit Report, Full Rental App.
- First & Last month + Key Deposit

LISTED IN BRAMPTON
MAYFIELD / MCLAUGHLIN
- Detached ਘਰ ਬਹੁਤ ਹੀ ਸੁੰਦਰ ਏਰੀਏ ਵਿੱਚ
- 3+1 ਬੈੱਡਰੂਮ + 4 ਵਾਸ਼ਰੂਮ
- 1 ਬੈੱਡਰੂਮ Legal Finished Basement with Seperate Entrance
- 9 ਫੁੱਟ ਦੀ ਸੀਲੀਂਗ
- ਸਟੈਂਡਰਡ ਓਕ ਸਟੈਅਰ ਕੇਸ
- ਮੇਨ ਕਮਰੇ ਵਿਚ ਸਟੇਨਡ ਹਾਰਡਵੁੱਡ
- ਗ੍ਰੇਨਾਈਟ ਕਾਊਂਟਰਟੌਪਸ ਨਾਲ ਅਪਗ੍ਰੇਡ ਕੀਤੀ ਕਿਚਨ
- ਮਾਸਟਰ ਬੈੱਡਰੂਮ ਵਿਚ 4 ਪੀਸੀ ਐਨਸੁਏਟ ਅਤੇ ਵਾਕ ਇਨ ਅਲਮਾਰੀ
- HWY 410, ਸਕੂਲ, ਬਸ ਸਟੋਪ ਅਤੇ ਪਲਾਜੇ ਦੇ ਨੇੜੇ

LISTED IN BRAMPTON
CASTLEMORE/ HUMBERWEST/AIRPORT
- 1500-2000 sq feet ਦਾ ਘਰ
- 3+1 ਬੈੱਡਰੂਮ + 4 ਵਾਸ਼ਰੂਮ + 2 ਕਿਚਨ with Legal Finished ਬੇਸਮੈਂਟ ਅਪਾਰਟਮੈਂਟ with Seperate Entrance
- ਬੇਸਮੈਂਟ $1300 ਦੇ ਕਰਿਾਏ' ਤੇ ਦਿਤੀ ਹੈ
- Extended ਡਰਾਈਵਵੇਅ
- ਮਾਸਟਰ ਬੈੱਡਰੂਮ ਵਿਚ 4 ਪੀਸੀ ਐਨਸੁਏਟ ਅਤੇ ਵਾਕ ਇਨ ਅਲਮਾਰੀ

FREE
- Full MLS Services
- Consistently Marketing Your Property Until SOLD
- Staging Consultation
- Billboard, Flyer, Newspaper
- Online Promotion
- Professional Pictures and Virtual Tour
- Social media & Radio Advertisement
- Open House Until Sold
- Competitive Rates, Exceptional Service & Award Winning Results

RE/MAX Realty Specialists Inc. Brokerage (Independently Owned and Operated)
Off: 905-456-3232
*(Based on units sold & commissions)** *Some Conditions Apply.
*Seller* & Jag Aujla Broker of Re/max Realty Specialist Inc. must agree on the terms & conditions, closing date and listing price at the time of listing. Guaranteed Program only for Peel Region Homes Under $1 Million Price
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
SEPTEMBER 2022

REXDALE BODY SHOP
USED CAR SALE
Specialization In:
- All Kinds of Body Work
- Auto Glass Windshield
- Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

Tri-City Professional Realty Inc., Brokerage.
The Future of Real Estate
www.TriCityPro.com
Number 1. Tri-City agent in Canada on basis of sales volume 2021
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 36 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
NEED MORE LISTINGS
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection
Avtar Singh Tiwana
Sales Representative
416.802.5866
Tel: 905.793.5777
31 Melanie Dr. Unit #4 Brampton, ON L6T 5H8

SOLD $1,399,999
CASTLEMORE/GOREWAY

SOLD $1,749,900
8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866

SOLD $1,950,000
26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਚ ਇਨਸੂਟ ਅਤੇ ਵਾਕਇਨ ਕਲਾਜ਼ਿਟ, ਮਾਡਰਨ ਕਿਚਨ ਗ੍ਰੇਨਾਈਟ ਕਾਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੇਂਟ ਵਿਚ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ

ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING

FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017